TORONTO PUBLIC LIBRARY
37131 087 333 761
HW Humberwood

# ਕੌਮੀ ਲਲਕਾਰ

ਜਸਵੰਤ ਸਿੰਘ ਕੰਵਲ

HUMBERWOOD
DEC 2009

# ਕੌਮੀ ਲਲਕਾਰ

## ਹੁਣ ਤੱਕ ਦੀਆਂ ਰਚਨਾਵਾਂ

### ਨਾਵਲ:

1. ਸੁੰਦਰਾਂ-2005
2. ਲੱਧਾ ਪਰੀ ਨੇ ਚੰਨ ਉਜਾੜ ਵਿਚੋਂ-2006
3. ਇਕ ਹੋਰ ਹੈਲਨ-2001
4. ਸੱਚ ਨੂੰ ਫਾਂਸੀ-1944
5. ਪਾਲੀ-1946
6. ਪੂਰਨਮਾਸ਼ੀ-1949
7. ਰਾਤ ਬਾਕੀ ਹੈ-1954
8. ਸਿਵਲ ਲਾਈਨਜ਼-1956
9. ਰੂਪਧਾਰਾ-1959
10. ਹਾਣੀ-1961
11. ਭਵਾਨੀ-1963
12. ਮਿੱਤਰ ਪਿਆਰੇ ਨੂੰ-1966
13. ਤਾਰੀਖ਼ ਵੇਖਦੀ ਹੈ-1967
14. ਜੇਰਾ-1968
15. ਬਰਫ਼ ਦੀ ਅੱਗ-1970
16. ਲਹੂ ਦੀ ਲੋਅ-1975
17. ਮੋੜ-1980
18. ਸੁਰ ਸਾਂਝ-1984
19. ਐਨਿਆਂ 'ਚੋਂ ਉਠੋ ਸੂਰਮਾ-1985
20. ਅਹਿਸਾਸ-1990
21. ਖ਼ੂਬਸੂਰਤ ਦੁਸ਼ਮਣ-1992
22. ਤੌਸ਼ਾਲੀ ਦੀ ਹੰਸੋ-1993
23. ਰੂਪਮਤੀ-1996
24. ਖ਼ੂਨ ਕੇ ਸੋਲਹਿ ਗਾਵੀਆਹ-1996
25. ਮੁਕਤੀ ਮਾਰਗ-1997

### ਬੱਚਿਆਂ ਤੇ ਗਭਰੂਟਾਂ ਲਈ ਨਾਵਲ

1. ਹੁਨਰ ਦੀ ਜਿੱਤ-1964
2. ਜੰਗਲ ਦੇ ਸ਼ੇਰ-1974
3. ਸੂਰਮੇ-1978
4. ਮੂਮਲ-1983
5. ਨਵਾਂ ਸੰਨਿਆਸ-1993
6. ਕਾਲਾ ਹੰਸ-1994
7. ਝੀਲ ਦੇ ਮੋਤੀ-1995

### ਕਹਾਣੀ ਸੰਗ੍ਰਹਿ

1. ਕੰਡੇ -1950
2. ਜ਼ਿੰਦਗੀ ਦੂਰ ਨਹੀਂ-1953
3. ਸੰਧੂਰ-1957
4. ਰੂਪ ਦੇ ਰਾਖੇ-1960
5. ਫੁੱਲਾਂ ਦਾ ਮਾਲੀ-1962
6. ਰੂਹ ਦਾ ਹਾਣ-1966
7. ਗਵਾਚੀ ਪੱਗ-1985
8. ਹਉਕਾ ਤੇ ਮੁਸਕਾਣ-1970
9. ਮਾਈ ਦਾ ਲਾਲ-1972
10. ਜੰਡ ਪੰਜਾਬ ਦਾ-1995
11. ਚਿੱਕੜ ਦੇ ਕੰਵਲ-1996
12. ਲੰਮੇ ਵਾਲਾਂ ਦੀ ਪੀੜ-1998

### ਸਿਆਸੀ ਫੀਚਰ

1. ਜਿੱਤਨਾਮਾ-1985
2. ਸਿਖ ਜਦੋਜਹਿਦ-1987
3. ਜਦੋਜਹਿਦ ਜਾਰੀ ਰਹੇ-1987
4. ਕੰਵਲ ਕਹਿੰਦਾ ਰਿਹਾ-1998
5. ਪੰਜਾਬ ਦਾ ਸੱਚ-1999
6. ਆਪਣਾ ਕੌਮੀ ਘਰ-1994
7. ਸਾਡੇ ਦੋਸਤ ਸਾਡੇ ਦੁਸ਼ਮਣ-1996
8. ਹਾਲ ਮੁਰੀਦਾਂ ਦਾ-1995
9. ਸਚੁ ਕੀ ਬੇਲਾ-2005
10. ਪੰਜ਼ਾਬੀਓ ਜੀਣਾ ਕਿ ਮਰਨਾ-2008

### ਵਾਰਤਕ, ਕਾਵਿ ਸੰਗ੍ਰਹਿ

1. ਭਾਵਨਾ-1961
2. ਸਾਧਨਾ-2002
3. ਜੀਵਨ ਕਣੀਆਂ-1943

### ਰੇਖਾ ਚਿੱਤਰ

1. ਗੋਰਾ ਮੁੱਖ ਸੱਜਣਾ ਦਾ-1974
2. ਜੂਹੂ ਦਾ ਮੋਤੀ-1980
3. ਮਰਨ ਮਿੱਤਰਾਂ ਦੇ ਅੱਗ -1980

# ਕੌਮੀ ਲਲਕਾਰ

ਜਸਵੰਤ ਸਿੰਘ ਕੰਵਲ

*Punjabi Prose/Contemporary Punjab Issues and Problems/ Socio-Religious, Socio-Politic and Socio-Ecomomic Concernes of Punjab and Punjabis*

# Kaumi Lalkaar

*by*

**Jaswant Singh 'Kanwal'**

2008

Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2008*

*Produced and Bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਵਿਸ਼ੇ ਸੂਚੀ


1. ਗੁਰੂ ਆਦੇਸ਼ 7

2. ਸੱਚ ਦਾ ਚਾਨਣ 9

3. ਆਖਰੀ ਅਪੀਲ 13

4. ਆਖਰੀ ਲਲਕਾਰ 24

## ਗੁਰੂ ਆਦੇਸ਼

ਕੰਮ ਕਰਦੇ ਲੋਕਾਂ ਦੀ ਸੇਵਾ ਵਰਗਾ ਕੋਈ ਮਹਾਤਮ ਨਹੀਂ
ਆਪਣੇ ਲਈ ਜੀਵੋ; ਪਰ ਲੋਕਾਂ ਦੀ ਸੇਵਾ ਵੀ ਨਾ ਭੁੱਲੋ।
ਖੁਰਦੇ ਪੰਜਾਬ ਤੇ ਉਸ ਦੀ ਕੌਮੀਅਤ ਨੂੰ ਬਚਾਓ।
ਤੁਸੀਂ ਸ਼ਹੀਦ ਸੂਰਮਿਆਂ ਦੀ ਔਲਾਦ ਹੋ;
ਆਪਾ ਵਾਰ ਕੇ ਵੀ ਆਪਣੀ ਕੌਮੀਅਤ ਦਾ ਸਿਰ ਬੁਲੰਦ ਰਖੋ।

# ਸੱਚ ਦਾ ਚਾਨਣ

ਸੱਚ ਆਖਾਂ ਭਾਂਬੜ ਮੱਚਦਾ ਹੈ; ਪਰ ਚਾਨਣ ਵੀ ਜ਼ਰੂਰੀ ਚਾਹੀਦਾ ਹੈ।

ਸੱਚ ਨੂੰ ਹਰ ਯੁੱਗ ਵਿਚ ਕੁੱਟ ਪਈ ਹੈ ਤੇ ਝੂਠ ਨੇ ਕੁੱਟ ਪੈਂਦੀ ਵੇਖ ਕੇ ਖਿਲਵਲੀਆਂ ਕੀਤੀਆਂ ਹਨ। ਪਰ ਸੱਚ ਹਰ ਕੁੱਟ ਵਿਚੋਂ ਹੋਰ ਬਲਵਾਨ ਹੋ ਕੇ ਨਿਕਲਿਆ ਹੈ ਅਤੇ ਨਤਾਣਿਆਂ ਦਾ ਸਾਥੀ ਸਹਾਰਾ ਬਣਿਆ ਹੈ। ਸੱਚ ਤੇ ਝੂਠ ਅਤੇ ਨੇਕੀ ਬਦੀ ਦੀ ਜੰਗ ਲਗਾਤਾਰ ਜਾਰੀ ਹੈ ਤੇ ਜਾਰੀ ਰਹੇਗੀ, ਪਰ ਸੱਚ ਤੇ ਨੇਕ ਕਰਮ ਨੇ ਮਨੁੱਖ ਨੂੰ ਉਸਾਰਿਆ ਹੈ।

ਇਹਨਾਂ ਸਿਰੇ ਦੇ ਲਾਈ ਲਗ ਗ਼ਦਾਰ ਪੰਜਾਬੀ ਕਾਂਗਰਸੀਆਂ, ਜਿਹਨਾਂ ਪੰਜਾਬ ਪਟ ਕੇ ਪ੍ਰਦੇਸੀਂ ਵਾੜ ਦਿੱਤਾ, ਸਮਝੋ ਤਬਾਹ ਕਰਨ ਦੇ ਰਾਹ ਪਾ ਦਿੱਤਾ। ਪੰਜਾਬ ਦੇ ਗ਼ਦਾਰ ਕਾਂਗਰਸੀਆਂ ਨੂੰ ਤੇਜ਼ਾਬ ਦੇ ਅਜਿਹੇ ਸਾਗਰ ਵਿਚ ਡੋਬਿਆ ਜਾਵੇ, ਜਿਥੋਂ ਇਹਨਾਂ ਦਾ ਖੁਰਾ ਖੋਜ ਵੀ ਨਾ ਮਿਲੇ। ਇਹਨਾਂ ਦੀ ਪੰਜਾਬ ਨੂੰ ਪੱਟ ਦੇਣ ਵਾਲੀ ਗ਼ਦਾਰੀ ਕੋਈ ਵੀ ਤਾਰੀਖ ਮਾਫ ਨਹੀਂ ਕਰ ਸਕਦੀ। ਪੰਜਾਬ ਦੀ ਅਸਲ ਦੌਲਤ ਦਰਿਆ ਤੇ ਪਾਣੀ ਵਾਲੀ ਬਿਜਲੀ, ਆਪਣੀਆਂ ਹੀ ਖਾਲੀ ਵਜ਼ਾਰਤਾਂ ਪਿਛੇ ਮੁਫਤ ਵਿਚ ਰੋੜ੍ਹ ਦਿੱਤੇ। "ਦੇਖੋ ਜੱਟ ਦੀ ਅਕਲ ਗਈ, ਮਹਿੰ ਵੇਚ ਕੇ ਘੋੜੀ ਲਈ। ਦੁੱਧ ਪੀਣੋ ਗਿਆ, ਲਿੱਦ ਸੁੱਟਣੀ ਪਈ।" ਕੀ ਇਹ ਤਾਰੀਖੀ ਸੱਚ ਨਹੀਂ; ਜਿਸ ਨੇ ਪੰਜਾਬ ਨੂੰ ਇਕ ਨੰਬਰ ਦੇ ਸੂਬੇ ਤੋਂ ਦਸ ਨੰਬਰ ਦੀ ਬਦਮਾਸ਼ਧਾਰਾ 'ਤੇ ਲੈ ਆਂਦਾ। ਦੁਨੀਆਂ ਭਰ ਦੇ ਲੋਕੋ, ਗੁਲਾਮ ਦੇਸ ਨੂੰ ਆਜ਼ਾਦ ਕਰਵਾਉਣ ਲਈ ਅੱਸੀ ਫੀ ਸਦੀ ਕੁਰਬਾਨੀਆਂ ਦੇਣ ਵਾਲੇ ਪੰਜਾਬੀਆਂ ਨੂੰ ਹਾਲੋਂ ਬੇਹਾਲ ਕਰਨ ਵਾਲਾ ਕਿਹੋ ਜਿਹਾ ਇਨਾਮ ਦਿੱਤਾ ਹੈ। ਇਸ ਨੂੰ ਆਪਣੀ ਸਰਕਾਰ ਆਖਾਂ ਜਾਂ ਬਦਲੇ ਖੋਰੀ ਦੁਸ਼ਮਣ ਸਰਕਾਰ ਕਹਾਂ ?

ਸਾਰੇ ਉੱਖਲ ਅਕਾਲੀਆਂ ਨੂੰ ਡੂੰਘੇ ਕਾਲੇ ਪਾਣੀ ਵਿਚ ਡੱਕ ਦਿੱਤਾ ਜਾਵੇ; ਜਿਸ ਦੇ ਲਾਗੋਂ ਦੀ ਕੋਈ ਬੇੜਾ-ਬੇੜੀ ਨਾ ਲੰਘਦੀ ਹੋਵੇ। ਆਪੋ ਵਿਚੀ ਓਥੇ ਹੀ ਸਿਰ ਪਾੜ ਪਾੜ ਮਰ ਖਪ ਜਾਣ। ਘਟੋ ਘਟ ਪੰਜਾਬ ਆਪਣੇ ਵਸਣ ਦਾ ਕੋਈ

ਕੁਦਰਤੀ ਰਾਹ ਲਭ ਲਵੇ। ਨਾ ਇਹਨਾਂ ਮਰਨਾ ਏ ਤੇ ਨਾ ਮੰਜਾ ਦੇਣਾ ਹੈ। ਡੋਗਰਿਆਂ ਸਿੱਖ ਦਰਬਾਰ ਵਿਚ ਵੜ ਕੇ ਰਾਜ ਤਬਾਹ ਕਰਵਾਇਆ ਸੀ। ਜੇ ਅਕਾਲੀਆਂ ਦਾ ਏਹੋ ਹਾਲ ਰਿਹਾ, ਸ਼ਾਇਦ ਸਿੱਖਾਂ ਦੀ ਬਚੀ ਖੁਚੀ ਹਸਤੀ ਹੀ ਮਿਟਾ ਜਾਣ। ਗੁਰੂ ਦੇ ਸਿਦਕਵਾਨ ਸਿੱਖੋ, ਜੇ ਕੌਮੀ ਹਸਤੀ ਬਚਦੀ ਰਖਣੀ ਚਾਹੁੰਦੇ ਹੋ, ਇਹਨਾਂ ਸਾਰੇ ਅਕਾਲੀ ਧੜਿਆਂ ਨੂੰ ਕੁੱਟ ਕੇ ਘਰੀਂ ਬਹਾ ਦਿਓ, ਆਪਣੇ ਆਪ ਤਾਂ ਬਹਿਣ ਵਾਲੇ ਨਹੀਂ। ਗੁਰੂ ਅੱਗੇ ਅਰਦਾਸ ਕਰੋ, ਅਕਾਲੀ ਜੰਮਣੇ ਹੀ ਬੰਦ ਕਰ ਦੇਵੇ।

ਸ੍ਵੈਮ ਸੰਗੀਆਂ ਦਾ ਹਿੰਦੂ ਕੱਟੜਵਾਦ, ਘਟ ਗਿਣਤੀਆਂ ਲਈ ਗਲਘੋਟੂ ਬਿਮਾਰੀ ਬਣਿਆ ਹੋਇਆ ਏ। ਉਹਨਾਂ ਦੇ ਆਗੂ ਸਿਰੇ ਦੇ ਪੰਜਾਬੀ ਫਿਰਕੂਆਂ ਨੂੰ ਕਹਿ ਰਹੇ ਹਨ, ਭੋਲੇ ਭੰਡਾਰੇ ਅਕਾਲੀਆਂ ਨੂੰ ਜੱਫੀ ਪਾਈ ਰਖੋ, ਘੁੱਟੀ ਰਖੋ। ਜੇ ਇਹਨਾਂ ਸਿਰ ਫਿਰਿਆਂ ਨੂੰ ਦੱਬ ਲਿਆ, ਫਿਰ ਸਾਡੀ ਸਵਿਸਤਕਾ ਅੱਗੇ ਕੋਈ ਨਹੀਂ ਅੜੇਗਾ। ਜੇ ਕੋਈ ਅੜੇ ਥੁੜੇਗਾ, ਅਕਾਲੀਆਂ ਨੂੰ ਉਹਨਾਂ ਦੇ ਮੱਥੇ ਮਾਰਾਂਗੇ। ਤੇ ਕਾਂਗਰਸ, ਵਣ ਵਣ ਦੀ ਲਕੜੀ ਖਿਲਾਰਨੀ ਕੋਈ ਮੁਸ਼ਕਿਲ ਨਹੀਂ। ਮੁਸਲਮਾਨਾਂ ਨੂੰ ਦੋ ਕੁ ਤਰਥੱਲੀਆਂ ਹੋਰ ਦਿੱਤੀਆਂ ਕੰਨ 'ਚ ਪਾਏ ਨਹੀਂ ਰੜਕਣਗੇ। ਫਿਰ ਚੋਫੇਰੇ "ਜੈ ਮਾਤਾ" ਦੀ ਭਗਵਾਨ ਸ਼ਿਵ ਸ਼ੰਕਰ ਦਾ ਡਮਰੂ ਵੱਜੇਗਾ

ਕਮਿਊਨਿਸਟ ਭਰਾ ਮਾਸਕੋ ਪੀਕਿੰਗ ਦੀਆਂ ਹਦਾਇਤਾਂ ਬਿਨਾ ਬੇਦਸਤੇ ਪਾ ਹੋਏ ਹੈਰਾਨ ਖਲੋਤੇ ਹਨ। ਜਾਈਏ ਤਾਂ ਕਿਧਰ ਨੂੰ ਜਾਈਏ? ਜਿਹੜਾ ਲਵੇਰਾ ਫੰਡਰ ਨਿਕਲ ਜਾਵੇ, ਮਾਲਕ ਉਹਦੇ ਗਲੋਂ ਰੱਸਾ ਲਾਹ ਦੇਂਦੇ ਹਨ। ਬੇਗਾਨੇ ਮੋਢਿਆਂ ਉੱਤੇ ਹੱਥ ਰਖ ਕੇ ਤੁਰਨ ਵਾਲਿਆਂ ਨੂੰ ਕਦੇ ਮੰਜ਼ਲ ਨਹੀਂ ਮਿਲੀ। ਹੁਣ ਚੋਰਾਹੇ ਵਿਚ ਹੈਰਾਨ ਖਲੋਤੇ ਹਨਃ ਜਾਈਏ, ਤਾਂ ਹੁਣ ਕਿਧਰ ਨੂੰ ਜਾਈਏ? ਹੱਥ ਪੁਰਾਣੇ ਖੌਂਸੜੇ, ਬਸੰਤੇ ਹੋਰੀਂ ਆਏ। ਇਹਨਾਂ ਦੇ ਸਿੰਗ ਚੋਪੜ ਲਵੋ। ਊਂ ਸਿਦਕਵਾਨ ਸਨ, ਪਰ ਉਕਾਈ ਖਾ ਗਏ। ਜੇ ਗੁਰੂਕਿਆਂ ਦੇ "ਸਰਬਤ ਦੇ ਭਲੇ" ਦੇ ਨਾਅਰੇ ਨੂੰ ਲੈ ਕੇ ਚਲਦੇ, ਡਫਰ ਅਕਾਲੀਆਂ ਨੂੰ ਪਛਾੜ ਕੇ ਪੰਜਾਬ 'ਤੇ ਰਾਜ ਕਰਦੇ। ਮਾਸਕੋ ਪੀਕਿੰਗ ਦੇ ਟੀਕਿਆਂ ਨੇ ਪੰਜਾਬ ਦੀ ਵਿਰਾਸਤੀ ਅਕਲ ਅਣਖ ਮਾਰ ਦਿੱਤੀ। ਫੰਡਰ ਦੇ ਫੰਡਰ ਭੇੜੂ ਰਹਿ ਗਏ। ਲੈ ਇਹ ਆਪੇ ਨੂੰ ਬਹੁਤੇ ਸਿਆਣੇ ਐਨੀ ਗੱਲ ਨਹੀਂ ਸਮਝ ਸਕੇ; ਠੰਢੇ ਦੇਸਾਂ ਦੇ ਪੌਦੇ ਗਰਮ ਦੇਸਾਂ ਵਿਚ ਪ੍ਰਫੁਲਤ ਨਹੀਂ ਹੁੰਦੇ। ਕੋਈ ਡਾਕਟਰ ਹਕੀਮ ਪੰਜ ਭੱਠ ਸਿਰੇ ਦੇ ਚੜ੍ਹੇ ਤਾਪ ਨੂੰ ਇਕਦਮ ਨਹੀਂ ਲਾਹੁੰਦਾ, ਕੋਈ ਕਿਸਾਨ ਰਕੜ ਭੋਏਂ ਨੂੰ ਵਾਹੇ ਸੁਹਾਗੇ ਬਿਨਾ ਨਹੀਂ ਬੀਜਦਾ। ਇਹਨਾਂ ਸਦੀਆਂ ਦੇ ਜਮਾਵੜੇ ਦਾ ਖਿਆਲ ਰਖੇ ਬਿਨਾ ਇਨਕਲਾਬ ਬੀਜ ਧਰਿਆ। ਨਤੀਜਾ ਤਿੰਨ ਕਾਣੇ ਸਭ ਦੇ ਸਾਹਮਣੇ ਹੈ। ਹੈਰਾਨੀ ਇਹ ਐ, ਮੂੰਹ ਦੀ ਖਾਣ

ਪਿਛੋਂ ਵੀ ਬੇਸ਼ਰਮ ਹੋਏ ਸਰਬਤ ਦੇ ਭਲੇ ਵਾਲੇ ਰਾਹ ਤੇ ਨਹੀਂ ਆਏ। ਬਾਹਮਣ ਆਪ ਤਾਂ ਮਰੇ, ਜਜ਼ਮਾਨ ਵੀ ਗਾਲੇ।

ਹਆਂ, ਬਹੁਜਨ ਸਮਾਜ ਬਾਰੇ ਗੰਭੀਰਤਾ ਨਾਲ ਸੋਚਣ ਵਾਲੀ ਗੱਲ ਹੈ। ਪੰਡਾ ਆਖਦਾ ਸੀ, ਦੁਸ਼ਮਣ ਦੇ ਜਹਾਜ਼ ਤੇ ਚੜ੍ਹੇ ਬਿਨਾਂ, ਤੁਸੀਂ ਉਸ ਨੂੰ ਪਾੜ ਨਹੀਂ ਸਕਦੇ ਤੇ ਨਾ ਹੀ ਡੋਬ ਸਕਦੇ ਹੋ। ਨਸ਼ੰਗ ਜੱਫੀਆਂ ਪਾਓ, ਮੁੜ ਸ਼ੁਧ ਹੋਣ ਲਈ-ਪਵਿਤਰ ਗੰਗਾ ਜੋ ਹੈ। ਰਾਜ ਬ੍ਰਾਹਮਣਵਾਦ ਦੀ ਜਕੜ ਵਿਚ ਐ। ਬਹੁਜਨ ਸਮਾਜ ਵਿਚ ਆਇਆ ਬ੍ਰਾਹਮਣਦਾਰ ਇਸ ਨੂੰ ਕਿੰਨੀ ਕੁ ਵਫਾ ਕਰੇਗਾ? ਜੱਟ ਨੇ ਸਿਰ ਮਨਾਉਂਦਿਆਂ ਨਾਈ ਤੋਂ ਪੁੱਛਿਆ,

"ਨਾਈਆ, ਵਾਲ ਕਿੱਡੇ ਕਿੱਡੇ ਐ?"

"ਜਜ਼ਮਾਨ ਤੇਰੇ ਅਗੇ ਹੀ ਆ ਜਾਣੇ ਐ।" ਨਾਈ ਦਾ ਠਰੱਮੇ ਵਾਲਾ ਜਵਾਬ ਸੀ।

ਸੋ ਬ੍ਰਾਹਮਣਵਾਦ ਬਹੁਜਨ ਸਮਾਜ ਦੀ ਬੀਬੀ ਨੂੰ ਪ੍ਰਧਾਨਗੀ ਦੀ ਕੁਰਸੀ ਤੱਕ ਨਹੀਂ ਜਾਣ ਦੇਵੇਗਾ। ਬਹੁਜਨ ਸਮਾਜ ਨੂੰ ਇਹ ਭਰਮ ਦਿਲੋਂ ਦਮਾਗੋਂ ਕਢ ਦੇਣਾ ਚਾਹੀਦਾ ਹੈ, ਕਿ ਉਹ ਬ੍ਰਾਹਮਣਵਾਦ ਦੀ ਮਦਦ ਨਾਲ ਦਿੱਲੀ ਦੀ ਗੱਦੀ 'ਤੇ ਸਵਾਰ ਹੋ ਜਾਵੇਗੀ। ਬੀਬੀ ਨੂੰ ਚਾਹੀਦਾ ਇਹ ਹੈ, ਉਹ ਸਾਰੀਆਂ ਘਟ ਗਿਣਤੀਆਂ ਨੂੰ ਇਕ ਮਜ਼ਬੂਤ ਬੰਧਣ ਵਿਚ ਲਿਆਵੇ। ਪਿੰਜਰੇ ਵਿਚ ਪਏ ਪਨੀਰ ਦੇ ਟੁਕੜੇ ਦੀ ਖੁਸ਼ਬੋ ਚੂਹੇ ਨੂੰ ਛਡ ਦੇਣੀ ਚਾਹੀਦੀ ਹੈ।

ਰਬ ਅੱਗੇ ਕੀਤੀਆਂ ਬੇਨਤੀਆਂ ਫਜ਼ੂਲ ਹਨ। ਆਪਣੀ ਖਿਲਰੀ ਤਾਕਤ ਨੂੰ ਜੋੜੋ। ਖਿਲਰੀ ਇੱਟ ਇੱਟ ਸ਼ਕਤੀ ਦਾ ਲਾਲ ਕਿਲਾ ਖੜ੍ਹਾ ਕਰੋ। ਆਪਸੀ ਝਗੜਿਆਂ ਝਾਂਜਿਆਂ ਵਿਚ ਰੁੱਝੇ ਹਮੇਸ਼ਾ ਜ਼ਲੀਲ ਹੁੰਦੇ ਰਹੇ ਐ। ਸੋਨੇ ਦਾ ਪੰਜਾਬ ਹੁਣ ਤਾਂ ਪਿੱਤਲ ਦਾ ਵੀ ਨਹੀਂ ਰਿਹਾ। ਤਰਦਾ ਤਰਦਾ ਲਹੂ ਇਸ ਦਾ ਦੁਸ਼ਮਣਾਂ ਪੀ ਲਿਆ ਹੈ; ਖਾਲੀ ਖਲੋਤਾ ਪਿੰਜਰ ਇਸ ਦੇ ਵਾਰਸਾਂ ਨੂੰ ਦੋਹਾਈਆਂ ਦੇ ਰਿਹਾ ਹੈ। ਅਣਖੀਲੇ ਪੰਜਾਬੀਓ! ਗੁਰੂ ਨਾਨਕ ਤੇ ਸੂਰਮੇ ਗੁਰੂ ਗੋਬਿੰਦ ਸਿੰਘ ਦੀਆਂ ਰਖੀਆਂ ਬੁਨਿਆਦਾਂ ਕਾਇਮ ਐ। ਜੁੜੋ ਤੇ ਗਜ ਵਜ ਕੇ ਫਤਹਿ ਦਾ ਡੰਕਾ ਵਜਾਓ ਤੇ ਸਰਬਤ ਦੇ ਸਾਂਝੇ ਭਲੇ ਲਈ ਜਹਾਦ ਛੇੜੋ। ਟੁਟੀਆਂ ਤੇ ਖਿਲਰੀਆਂ ਜਮਾਤਾਂ ਨੂੰ ਸਰਬਤ ਦੇ ਸੁਖਰਾਜ ਦੇ ਝੰਡੇ ਥੱਲੇ ਨਵਾਂ ਜੋੜ, ਨਵੀਂ ਬਲਕਾਰ ਪੈਦਾ ਕਰੋ। ਭਾਰਤ ਦੀ ਜੰਗ ਵਿਚ ਨਿਰਾਸ ਅਰਜਨ ਨੂੰ ਕ੍ਰਿਸ਼ਨ ਭਗਵਾਨ ਬਲਕਾਰਦਾ ਸੀ।

"ਬੱਬ ਮਾਰ ਕੇ ਉਠ, ਸ਼ਸਤਰ ਸੰਭਾਲ; ਪਾਪੀਆਂ ਦੇ ਮਾਰਨੇ ਨੂੰ ਤਾਂ

ਉਹਨਾਂ ਦਾ ਪਾਪ ਹੀ ਮਹਾਂਬਲੀ ਹੈ । ਤੇਰੇ ਕੋਲੋਂ ਮੁਫਤ ਵਿਚ ਜਿੱਤ ਦਾ ਸਿਹਰਾ ਕਿਉਂ ਨਹੀਂ ਲਿਆ ਜਾਂਦਾ।"

ਹੰਕਾਰੇ ਬ੍ਰਾਹਮਣਵਾਦ ਤੇ ਉਸ ਦੇ ਸਾਥੀ ਮੀਸਣੇ ਬਾਣੀਆਵਾਦ ਦੁਸਹਿਰੇ ਦੇ ਖੜੇ ਕਾਗਜ਼ੀ ਬੁੱਤ ਹੀ ਹਨ। ਪਹਿਲੋਂ ਆਪਣੀਆਂ ਖਿਲਰੀਆਂ ਸ਼ਕਤੀਆਂ ਨੂੰ ਮਜ਼ਬੂਤ ਏਕੇ ਦੀ ਸੱਦੇ-ਸਕੰਦਰੀ ਬਣਾਓ ਤੇ ਸੱਚੇ ਇਨਕਲਾਬ ਦੀ ਜਲਗਾਰ ਨਾਲ ਸਰਬਤ ਲਈ ਸਤਿਜੁਗ ਪੈਦਾ ਕਰੋ।

"ਹਿੰਮਤੇ ਮਰਦਾਂ, ਮਦਦੇ ਖ਼ੁਦਾ!"

ਸਰਬਤ ਦੀ ਸੁਖਸਾਰ ਲਈ ਲਲਕਾਰ ਦੇਂਦਾ;

ਸੰਗਤ ਦਾ ਦਾਸ :

**ਜਸਵੰਤ ਸਿੰਘ ਕੰਵਲ**

# ਆਖਰੀ ਅਪੀਲ

ਸਿੱਖਾਂ ਨੂੰ ਦੇਸ ਤੇ ਕੌਮ ਸਿਰ ਪਈਆਂ ਭੀੜਾਂ ਲਈ ਲੜਨਾ ਤੇ ਸ਼ਹੀਦ ਹੋਣਾ ਤਾਂ ਆਉਂਦਾ ਹੈ; ਪਰ ਆਪਣੀਆਂ ਜਿੱਤਾਂ ਨੂੰ ਕਾਬੂ ਕਰਕੇ ਸਵੈਮਾਨ ਨਾਲ ਜੀਣਾ ਕਦੇ ਨਹੀਂ ਆਇਆ। ਸ਼ਹੀਦਾਂ ਦੀਆਂ ਮਹਾਨ ਪ੍ਰਾਪਤੀਆਂ ਨੂੰ ਵੀ ਗਵਾਇਆ ਹੀ ਗਵਾਇਆ ਹੈ। ਤੁਸੀਂ ਬਾਹਰ ਕਮਾਈਆਂ ਕਰਨ ਗਏ ਭਰਾਵੋ, ਗੁਰੂ ਨੂੰ ਹਾਜ਼ਰ ਨਾਜ਼ਰ ਜਾਣਕੇ ਫੈਸਲਾ ਕਰੋ-ਪੰਜਾਬ ਨਾਲੋਂ ਟੁਟਣਾ ਹੈ ਜਾਂ ਜੁੜੇ ਰਹਿਣਾ ਹੈ? ਪੰਜਾਬ ਨਾਲੋਂ ਟੁਟ ਕੇ ਤੁਹਾਡੀ ਕੀ ਪੋਜ਼ੀਸ਼ਨ ਹੋਵੇਗੀ? ਸਰਮਾਇਆ ਸ਼ਾਇਦ ਥੋੜ੍ਹਾ ਬਹੁਤ ਜੋੜ ਲਵੋ; ਪਰ ਪੰਜਾਬੀ ਰਵਾਇਤਾਂ, ਰਹਿਣੀ ਬਹਿਣੀ, ਮਾਣ ਕਰਨ ਵਾਲਾ ਇਤਿਹਾਸ, ਸੱਚ ਤੋਂ ਜਾਨਾਂ ਵਾਰਨ ਵਾਲਾ ਧਰਮ ਅਤੇ ਗੁਰੂਆਂ ਸ਼ਹੀਦਾਂ ਦੀ ਪੈਦਾ ਕੀਤੀ ਕੌਮੀਅਤ ਸਦਾ ਲਈ ਗਵਾ ਲਵੋਗੇ। ਨਾ ਘਰਦੇ ਰਹੇ, ਨਾ ਘਾਟ ਦੇ। ਤੁਹਾਡੀ ਆਲ ਔਲਾਦ ਲਈ ਕ੍ਰਿਸਚਿਐਨਟੀ ਵਿਚ ਜਜ਼ਬ ਹੋਣ ਤੋਂ ਬਿਨਾ ਕੋਈ ਰਾਹ ਹੀ ਨਹੀਂ ਰਹੇਗਾ। ਸਾਡਾ ਕੁਰਬਾਨੀਆਂ ਭਰਿਆ ਲਹੂ-ਲੁਹਾਣ ਹੋਇਆ ਇਤਿਹਾਸ ਤੁਹਾਨੂੰ ਪੁੱਛੇਗਾ : ਬਲਦੀਆਂ ਤਵੀਆਂ ਉੱਤੇ ਬੈਠੇ ਗੁਰੂ ਅਰਜਨ ਦੇਵ ਜੀ ਤੁਹਾਨੂੰ ਇਕ ਵਾਰ ਵੀ ਯਾਦ ਨਾ ਆਏ? ਗੁਰੂ ਗੋਬਿੰਦ ਸਿੰਘ ਦੀਆਂ ਨਿੱਕੀਆਂ ਉਮਰਾਂ ਦੇ ਵੱਡੇ ਸ਼ਹਾਦਤੀ ਕਾਰਨਾਮੇ ਕਰ ਜਾਣ ਵਾਲੇ ਸਾਹਿਬਜ਼ਾਦਿਆਂ ਨੂੰ ਤੁਸਾਂ ਕਿਵੇਂ ਭੁਲਾ ਦਿੱਤਾ? ਚਾਂਦਨੀ ਚੌਕ ਵਿਚ ਸਮਾਧੀ ਸਥਿਤ ਬੈਠੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ; ਜਿਸ ਰੁੜ੍ਹਦੀ ਜਾਂਦੀ ਸਾਰੀ ਹਿੰਦ ਸਿਰ ਦੇ ਕੇ ਰਖ ਲਈ ਸੀ; ਤੁਸਾਂ ਕਿਵੇਂ ਵਿਸਾਰ ਦਿੱਤੀ? ਅਬਦਾਲੀ ਦੀ ਕਤਲਾਮ, ਕੁੱਪ ਰਹੀੜੇ ਵਿਚ ਬੱਤੀ ਹਜ਼ਾਰ ਸਿੰਘਾਂ ਦੀ ਲਹੂ ਲੁਹਾਣ ਹੋਈ ਸ਼ਹਾਦਤ ਕਿਵੇਂ ਭੁੱਲ ਗਏ? ਆਪਣੀਆਂ ਅਮੋਲ ਸ਼ਹਾਦਤਾਂ ਵਾਲਾ ਖ਼ਜ਼ਾਨਾ ਬਾਪੂ ਪੰਜਾਬ, ਸਿਦਕਵਾਨ ਸਿੱਖ ਹੁੰਦਿਆਂ, ਯਾਦਦਾਸ਼ਤ ਵਿਚੋਂ ਕਿਵੇਂ ਨਿਕਲ ਗਿਆ? ਜਿਸ ਮਾਇਆ ਲਈ ਦੀਨ ਈਮਾਨ ਗੰਵਾਇਆ, ਉਹ ਤਾਂ ਢਲਦਾ ਪ੍ਰਛਾਵਾਂ ਆਉਣੀ ਜਾਣੀ ਐ; ਜਿਹੜੀ ਤੁਹਾਡੀ ਬੇਦੀਨ ਹੋਈ ਔਲਾਦ ਨੇ ਸ਼ਰਤੀਆ ਗੰਵਾ ਦੇਣੀ

ਹੈ। ਪਿਆਰਿਓ! ਨਿੱਤ ਚੜ੍ਹਦੇ ਡੁਬਦੇ ਸੂਰਜ ਨੂੰ ਵੇਖੋ; ਖੁਰਦੀ ਹੱਥਾਂ ਦੀ ਮੈਲ ਦਾ ਧਿਆਨ ਧਰੋ। ਨਾਂ ਰਹੂ ਕੇਵਲ ਸਦਾ ਸੱਚੇ ਸਾਈਂ ਦਾ, ਬਾਕੀ ਸਭ ਕਿੰਗਰੇ ਮੁਨਾਰੇ ਢਹਿਣਗੇ ਤੇ ਇਹ ਉਸਰਦੇ ਢਹਿੰਦੇ ਆਏ ਐ। ਜੇ ਐਨਾ ਕੁ ਮੋਟਾ ਗਿਆਨ ਸਿਰ ਵਿਚ ਰੜਕ ਰਿਹਾ ਹੈ; ਫਿਰ ਧਰਮ ਈਮਾਨ ਕਾਹਦੇ ਲਈ ਗੰਵਾਉਂਦੇ ਹੋ? ਆਪਣੇ ਪੰਜਾਬ ਨਾਲ ਕੁਰਬਾਨੀਆਂ ਭਰਿਆ ਸਿਦਕ ਈਮਾਨ ਤੇ ਧਰਮ ਇਤਿਹਾਸ ਕਿਉਂ ਨਹੀਂ ਬਚਾਉਂਦੇ? ਭੁਲਿਆ ਉਹ ਨਾ ਜਾਣੀਏ, ਜਿਹੜਾ ਸ਼ਾਮੀ ਮੁੜ ਘਰ ਆ ਜਾਵੇ। ਜਿਵੇਂ ਮਹਾ ਸਿੰਘ ਦਾ ਜੱਥਾ ਮੁਕਤਸਰ ਵਿਚ ਸ਼ਹੀਦ ਹੋ ਕੇ ਗੁਰੂ ਦੇ ਚਰਨੀਂ ਆ ਲੱਗਾ ਸੀ। ਤੁਸਾਂ ਪਿਆਰਿਓ, ਜੇ ਅਹਿਸਾਸ ਨਾ ਕੀਤਾ, ਸਿੱਖ ਕੌਮ ਦੇ ਖਾਤਮੇ ਦਾ ਇਕ ਨੰਬਰ ਦੋਸ਼-ਕਲੰਕ ਇਤਿਹਾਸ ਤੁਹਾਡੇ ਮੱਥਿਆਂ ਉਤੇ ਮੜਿਆ ਜਾਵੇਗਾ। ਇਹ ਗੱਲ ਮੈਂ ਹੀ ਨਹੀਂ ਆਖ ਰਿਹਾ, ਮੰਜੇ ਪਈ ਸਿੱਖਾਂ ਦੀ ਖਾਤਮੇ 'ਤੇ ਆਈ ਤਾਰੀਖ ਦੋਹਾਈਆਂ ਦੇ ਰਹੀ ਹੈ। ਪੱਕਾ ਫੈਸਲਾ ਕਰੋ, ਪੰਜਾਬ ਦੇ ਗੁਰਸਿੱਖ ਰਹਿਣਾ ਹੈ; ਜਾਂ ਡੁੱਬ ਲੱਥੋ, ਮੂੰਹ ਕਾਲੇ ਕਰਾਨੀ ਬਣਨਾ ਹੈ? ਪੈਰ ਗੱਡ ਕੇ ਅੜੋ ਤੇ ਲੜੋ, ਤਦ ਅਜ ਪੰਜਾਬ ਤੁਹਾਡਾ ਹੈ; ਨਹੀਂ, ਭਲਕ ਤਾਂ ਅਵਤਾਰਾਂ ਪੈਗੰਬਰਾਂ ਦੇ ਕਦੇ ਹੱਥ ਨਹੀਂ ਆਇਆ। ਕੂਕਾਂ ਮਾਰਦੇ ਤੇ ਖੁਰਦੇ ਅੱਜ ਦੇ ਪੰਜਾਬ ਦੀ ਹਾਲ ਦੋਹਾਹੀ ਸੁਣੋ। ਗੁਜ਼ਰਿਆ ਤਾਂ ਕਿਸੇ ਮਹਾਬਲੀ ਪੈਗੰਬਰ ਨੂੰ ਨਹੀਂ ਮਿਲਿਆ।

ਹੁਣ ਰੁੜ੍ਹਦੇ, ਖੁਰਦੇ ਤੇ ਖਤਮ ਹੁੰਦੇ ਪੰਜਾਬ ਵਲ ਪੂਰੇ ਸਿਦਕ ਯਕੀਨ ਨਾਲ ਧਿਆਨ ਮਾਰੋ। ਅਥਰੀ ਜਵਾਨੀ ਤਾਂ ਕਨੇਡਾ ਅਮਰੀਕਾ ਨੂੰ ਜਾਣ ਲਈ ਕਾਹਲੀ ਪਈ ਹੋਈ ਹੈ। ਚਾਚੇ ਤਾਏ ਦੇ ਭੈਣ ਭਰਾਵਾਂ ਨਾਲ ਵਿਆਹ ਕਰਵਾ ਕਰਵਾ ਕੇ ਜਹਾਜ਼ੇ ਚੜ੍ਹੀ ਜਾ ਰਹੇ ਐ। ਕਾਨੂੰਨ ਨੂੰ ਤੇਲ ਵਿਚ ਡੋਬ ਡੋਬ ਪਿੰਡੇ ਮਾਲਸ਼ਾਂ ਮਲਈਆਂ ਜਾ ਰਹੀਆਂ ਹਨ। ਅਣਖ, ਸ਼ਰਮ ਤੇ ਲੋਕ ਲੱਜਾ ਵਾਲੇ ਰਿਸ਼ਤੇ ਪੁਰਾਣੇ ਖੱਲੜ ਵਾਂਗ ਪਾੜ ਕੇ ਕਿੱਲੇ ਟੰਗੇ ਜਾ ਰਹੇ ਹਨ। ਦਸ, ਵੀਹ, ਤੀਹ ਲੱਖ ਕੋਈ ਮੰਗੇ ਸਹੀ, ਘਰ, ਜ਼ਮੀਨ ਤੇ ਲਗਾ ਤਾਗਾ ਵੇਚ ਕੇ ਵੀ ਸਾਗਰ ਵਿਚ ਡੁਬਣ ਲਈ ਤਿਆਰ ਬੈਠੇ ਐ। ਜੰਮਣ ਭੋਇੰ ਪੰਜਾਬ ਤੋਂ ਬੂ ਕਰਕੇ ਨਿਕਲਣ ਲਈ ਤਿਆਰ ਪੁਰ ਤਿਆਰ ਹਨ। ਮੰਗਤੇ ਬਣੇ ਸਾਧਾਂ ਸੰਤਾਂ ਸਿੱਖੀ ਦੀ ਸਾਰੀ ਅਣਖ ਹਯਾ ਵਗਾਹ ਕੇ, ਗੁਰੂ ਦੀ ਸੰਗਤ ਅੱਗੇ ਲੰਮੇ ਚੋਲਿਆਂ ਦੀਆਂ ਝੋਲੀਆਂ ਅੱਡ ਰਖੀਆਂ ਹਨ। ਇਹ ਝੋਲੀ-ਅੱਡ ਫੇਰਾ ਇਕ ਵਾਰ ਨਹੀਂ, ਬਾਰ ਬਾਰ ਮਿਹਨਤ ਕਰਨ ਵਾਲੀ ਭਰਾਵੀਂ ਸੰਗਤ ਨੂੰ ਗੁਰਦਵਾਰਿਆਂ ਵਿਚ ਸਤਾਇਆ ਜਾਂਦਾ ਹੈ। ਝੋਲੀ ਅੱਡ ਸੰਤ ਬਾਬੇ ਸੁਰਗਾਂ ਵਿਚ ਭੇਜਣ ਦਾ ਸੁਨੇਹਾ ਗੁਰਬਾਣੀ ਦੇ ਸ਼ਲੋਕ ਉਚਾਰ ਉਚਾਰ ਦੇਂਦੇ ਉਗਰਾਹੀ ਘਟ, ਡਕੈਤੀ ਗੁਰੂ ਦਾ ਆਸਰਾ ਲੈ ਕੇ ਬਹੁਤੀ ਕਰਦੇ ਹਨ। ਅਤੇ

ਸਾਡਾ ਅੱਲੜ ਤੇ ਗਿਆਨਹੀਣ ਲਾਣਾ, ਕੰਨਾਂ ਦੀਆਂ ਮੁਰਕੀਆਂ ਲਾਹ ਕੇ ਦੇਂਦਾ, ਝੂਠੇ ਸਵਰਗਾਂ ਦੀਆਂ ਟਿਕਟਾਂ ਖਰੀਦ ਰਿਹਾ ਹੈ। ਹੋਰ ਨਵੇਂ ਬੇਸੁਰੇ ਗਵਈਏ, ਕੁੜੀ ਮੁੰਡਾ ਨਚਾਉਣ ਵਾਲੇ, ਰਾਤਾਂ ਲਾ ਲਾ ਪੈਦਾ ਕੀਤੀਆਂ ਦੌਗੀਆਂ ਮੁੱਛੀ ਜਾ ਰਹੇ ਐ, ਨਾਲ ਲਿਆਂਦੀਆਂ ਗਾਉਣ ਵਾਲੀਆਂ ਅਣਜਾਣ ਕੁੜੀਆਂ ਦੀ ਦਰਦਨਾਕ ਵਿਥਿਆ ਵਿਹਲ ਵਿਚ ਸੁਣੋ ਤਾਂ ਤੁਹਾਡਾ ਸਾਹ ਆਉਣੋ ਰੁੱਕ ਜਾਵੇ। ਸਮਝੋ, ਮਿਹਨਤੀ ਲੋਕਾਂ ਦੀਆਂ ਹਰੀਆਂ ਚਰਨ ਵਾਲੇ ਫਾਂਡਰੂ ਢੱਟੇ ਹਨ। ਤੁਸੀਂ ਕਿੰਨੇ ਭੋਲੇ ਤੇ ਬੇਪ੍ਰਵਾਹ, ਹਰ ਪੰਜ ਸਾਲਾ ਇਲੈਕਸ਼ਨ ਤੋਂ ਪਹਿਲਾਂ, ਸਿਆਸੀ ਲੀਡਰਾਂ ਦੇ ਲੱਛੇਦਾਰ ਲੈਕਚਰਾਂ ਵਾਲੇ ਠੱਗਾਂ ਦੇ ਵੀ ਡਾਲਰਾਂ ਪੌਂਡਾਂ ਨਾਲ ਰੋਟੀਆਂ ਮੰਗਣ ਵਾਲੇ ਝੋਲੇ ਵੀ ਭਰਨੇ ਹੁੰਦੇ ਹਨ। ਪੰਜਾਬ ਦੇ ਦਰਿਆ ਤੇ ਪਾਣੀ ਵਾਲੀ ਸਸਤੀ ਬਿਜਲੀ ਮੁਫਤ ਵਿਚ ਹੀ ਲੁਟਾ ਕੇ, ਕੇਂਦਰ ਦਾ ਚਪੜਾਸ ਕਰਨ ਵਾਲੇ ਕਾਂਗਰਸੀ ਅਮੀਰ ਦੇਸਾਂ ਵਿਚ ਭਰਾਵਾਂ ਦੀ ਕਰੜੀ ਮਿਹਨਤ ਲੁੱਟਣ ਲਈ ਆ ਨਾਅਰੇ ਲਾਉਂਦੇ ਐ। ਤੁਸੀਂ ਪਰਦੇਸੀਓ ਸ਼ਰਮੋ ਸ਼ਰਮੀ ਚਾਚੇ ਤਾਏ ਸਮਝ ਕੇ ਇਹਨਾਂ ਦੇ ਝੋਲੇ ਨੋਟਾਂ ਨਾਲ ਤੂਸ ਕੇ ਭਰ ਦੇਂਦੇ ਹੋ। ਤੁਸਾਂ ਕਦੇ ਨਹੀਂ ਪੁੱਛਿਆ, ਸਾਡੀਆਂ ਪਿਛਲੀਆਂ ਜਾਇਦਾਦਾਂ ਕਿਉਂ ਹੜੱਪੀਆਂ ਜਾ ਰਹੀਆਂ ਹਨ? ਉਹ ਸੌਹਾਂ ਸੁਗੰਧਾਂ ਵਾਲੇ ਲਾਰੇ ਹਰ ਵਾਰੀ ਤੁਹਾਡੀ ਝੋਲੀ ਪਾਉਂਦੇ ਹਨ ਤੁਸੀਂ ਹੋ ਕਿ ਹਰ ਵਾਰੀ ਗੁਰੂ ਦੀ ਹਜ਼ੂਰੀ ਵਿਚ ਉਹਨਾਂ ਦੇ ਲਾਰਿਆਂ ਉਤੇ ਇਤਬਾਰ ਕਰ ਲੈਂਦੇ ਹੋ। ਤੁਸੀਂ ਭੋਲਿਓ ਇਹ ਕਿਉਂ ਨਹੀਂ ਸੋਚਦੇ, ਜੇ ਇਹਨਾਂ ਤਿਲਾਂ ਵਿਚ ਤੇਲ ਹੁੰਦਾ, ਤੁਹਾਨੂੰ ਦੇਸੋਂ ਕਢਕੇ ਪ੍ਰਦੇਸੀ ਕਿਉਂ ਬਣਾਇਆ ਜਾਂਦਾ? ਕੀ ਤੁਹਾਨੂੰ ਵੀ ਡਾਂਗ ਫੇਰੀ ਤੋਂ ਹੀ ਅਕਲ ਆਉਂਦੀ ਐ? ਤੁਹਾਨੂੰ ਪ੍ਰਦੇਸੀ ਵਾੜਨ ਵਾਲੇ ਏਹੀ ਡਾਕੂ ਹਨ; ਜਿਹੜੇ ਕੇਂਦਰੀ ਬ੍ਰਾਹਮਣਵਾਦ ਦੇ ਗੁਮਾਸ਼ਤੇ ਹਨ। ਦੇਸ ਆਜ਼ਾਦ ਹੋਣ ਤੇ ਤਾਂ ਖੁਸ਼ਹਾਲੀ ਆਉਣੀ ਚਾਹੀਦੀ ਸੀ; ਪਰ ਪੰਜਾਬ ਦਾ ਪਾਣੀ ਬਿਜਲੀ ਲੁੱਟ ਕੇ ਇਸ ਨੂੰ ਆਰਥਿਕ ਪੱਖੋਂ ਇਕ ਨੰਬਰ ਦੇ ਸੂਬੇ ਨੂੰ ਦਸ ਨੰਬਰੀ ਬਣਾ ਧਰਿਆ। ਯਾਦ ਰਹੇ, ਦਸ ਨੰਬਰੀਆਂ ਦੇ ਅੰਗੂਠੇ ਪੰਜੇ ਲੁਆ ਕੇ ਸਬੰਧਤ ਥਾਣਿਆਂ ਵਿਚ ਲਟਕਾਏ ਜਾਂਦੇ ਹਨ। ਔਖਾ ਹੋਇਆ ਆਖਦਾ ਆਂ, ਦੁਸ਼ਮਣੋ! ਅੱਸੀ ਫੀ ਸਦੀ ਕੁਰਬਾਨੀਆਂ ਦੇ ਕੇ ਦੇਸ ਦੀ ਆਜ਼ਾਦੀ ਨੇ ਕੰਗਾਲੀ ਦੀਆਂ ਲੀਰਾਂ ਗਲ੍ਹ ਕਿਉਂ ਲਟਕਾ ਦਿੱਤੀਆਂ? ਕੀ ਤੁਹਾਨੂੰ ਵੀ ਡਾਂਗ ਫੇਰੀ ਤੋਂ ਹੀ ਅਕਲ ਆ ਸਕਦੀ ਹੈ? ਤੁਹਾਨੂੰ ਪ੍ਰਦੇਸੀਂ ਵਾੜਨ ਵਾਲੇ ਏਹੀ ਡਾਕੂ ਹਨ, ਜਿਹੜੇ ਕੇਂਦਰੀ ਸਰਕਾਰ ਦੇ ਗੁਮਾਸ਼ਤੇ ਹਨ।

ਪੰਜਾਬੀਓ ਤੇ ਗੁਰੂ ਦੇ ਸਿਦਕਵਾਨ ਸਿੱਖੋ! ਯਕੀਨਨ ਤੁਹਾਡੇ ਮਰਨ ਜੀਣ ਦੀ ਘੜੀ ਮੁਲ੍ਹੇ ਤੇ ਆ ਗਈ ਹੈ। ਫੈਸਲਾ ਕਰੋ, ਹੀਣਿਆਂ ਦੇ ਹਾਲ ਜੀਣਾ ਹੈ ਜਾਂ

ਬਹਾਦਰਾਂ ਦੀ ਸ਼ਹਾਦਤੀ ਮੌਤ ਮਰਨਾ ਹੈ? ਸੱਚ ਦੇ ਦੋ ਹੀ ਰਾਹ ਹਨ ਜੀਣਾ ਦੇ ਮਰਨਾ। ਇੱਜ਼ਤ ਅਬਰੂ ਨਾਲ ਜੀਣਾ ਹੁੰਦਾ ਹੈ ਤੇ ਖੱਜਲਖਵਾਰੀ ਨਾਲ ਸਾਹ ਵਰੋਲਣਾ ਮਰਨਾ। ਜੇ ਹਾਲਾਤ ਹੁਣ ਵਾਂਗ ਹੀ ਵਗਦੇ ਰਹੇ, ਫਿਰ ਅਗਲਾ ਫੈਸਲਾ ਹੈ : ਦੇਸ ਪੰਜਾਬ ਲਈ ਮਰਨਾ ਹੈ ਜਾਂ ਬੇਗਾਨੇ ਜਾਂ ਪਰਦੇਸੀਆਂ ਲਈ? ਜਿਹੜੀ ਸਿਆਸੀ ਸਮਾਜੀ ਵਿਚਾਰਧਾਰਾਂ ਦੀ ਹਨੇਰੀ ਹੁਣ ਰਾਜ ਪ੍ਰਬੰਧ ਵਲੋਂ ਵਗਾਈ ਜਾ ਰਹੀ ਹੈ; ਉਸ ਵਿਚ ਪੰਜਾਬੀਅਤ, ਸਿੱਖੀ, ਉਹਦਾ ਇਤਿਹਾਸ ਤੇ ਸਭਿਆਚਾਰ ਮਲੀਆਮੇਟ ਕੀਤਾ ਜਾ ਰਿਹਾ ਹੈ। ਦਿੱਲੀ ਦੀਆਂ ਮਾੜੀਆਂ ਨੀਅਤਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਢਾਹ ਕੇ, ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿਚ, ਗੁਰੂ ਰਾਮਦਾਸ ਸਰਾਂ ਤੇ ਬਾਈ ਗੁਰਦਵਾਰਿਆਂ ਤੇ ਕਾਂਗਰਸੀ ਰਾਜਾਂ ਵਿਚ ਬੇਗੁਨਾਹ ਸਿੱਖਾਂ ਦਾ ਕਤਲਾਮ ਕਰਕੇ ਹਿੰਦੂ ਫਿਰਕੂਵਾਦ ਨੇ ਆਪਣੇ ਦਿਲੀ ਇਰਾਦੇ ਜ਼ਾਹਰ ਕਰ ਦਿੱਤੇ ਹਨ। ਸਿੱਖ ਨੂੰ ਭੁੱਲੀ ਵਿਸਰੀ ਅਕਲ ਆਉਂਦੀ ਹੈ ਜਾਂ ਨਹੀਂ, ਇਹ ਉਹਨਾਂ ਦਾ ਵਾਹਿਗੁਰੂ ਜਾਣੇ। ਮੈਂ ਤਾਂ ਐਨਾ ਹੀ ਜਾਣਦਾ ਆਂ, ਤਾਰੀਖੀ ਹਾਲਾਤ ਦਾ ਕਤਲਾਮਾਂ ਭਰਿਆ ਵਗਦਾ ਮਾਰੂ ਜੱਖੜ, ਪੰਜਾਬੀਅਤ ਦਾ ਕੱਖ ਕਾਨ ਤੱਕ ਰੋੜ੍ਹ ਕੇ ਲੈ ਜਾਵੇਗਾ। ਪੰਜਾਬੀ ਦੀਆਂ ਇਕ ਖਰੀ ਚਾਂਦੀ ਦੇ ਰੁਪੀਏ ਵਰਗੀ ਬੋਲੀ ਯਾਦ ਆਉਂਦੀ ਐ :–

"ਤੇਰੇ ਯਾਰ ਦੀ ਨੀਲਾਮੀ ਬੋਲੇ, ਵਿਚੇ ਤੇਰੇ ਚੰਦ ਜਾਣਗੇ।"

ਕੰਮਾਂ ਕਾਰਾਂ ਵਿਚ ਥੱਕੇ ਟੁੱਟੇ ਭੋਲਿਓ! ਤੁਹਾਨੂੰ ਪਤਾ ਹੀ ਨਹੀਂ, ਆਰਥਿਕ ਭੁੱਖ ਦੀਆਂ ਮੁਸ਼ਕਲਾਂ ਖੜੀਆਂ ਕਰਕੇ, ਤੁਹਾਡੇ ਕੋਲੋਂ ਵਿਉਂਤ ਨਾਲ ਪੰਜਾਬ ਖਾਲੀ ਕਰਵਾਇਆ ਜਾ ਰਿਹਾ ਹੈ। ਹੋਰ ਤਮਾਸ਼ਾ ਵੇਖੋ, ਇਹ ਭਾਣਾ ਤੁਹਾਡੇ ਪੰਜਾਬੀ ਸਿੱਖਾਂ ਨੂੰ ਆਗੂ ਬਣਾ ਕੇ ਵਰਤਾਇਆ ਜਾ ਰਿਹਾ ਹੈ। ਹੁਸ਼ਿਆਰ ਬ੍ਰਾਹਮਣਵਾਦ ਦੀ ਵਿਉਂਤੀ ਚਾਲ, ਐਨ ਐਨ ਇਟਲੀ ਦੇ ਡਿਕਟੇਅਰ ਮਸੋਲੀਨੀ ਨਾਲ ਮਿਲਦੀ ਜੁਲਦੀ ਹੈ। ਉਸ ਦੀਆਂ ਫੌਜਾਂ ਨੇ ਅਫਰੀਕਾ ਦੇ ਕਮਜ਼ੋਰ ਦੇਸ ਤੇ ਚਾੜ੍ਹ ਦਿੱਤੀਆਂ। ਮਕਸਦ ਸੀ, ਐਬੇਸੀਨੀਆ ਜਿੱਤ ਲਿਆ ਤਾਂ ਮੇਰੇ ਇਟਲੀ ਵਾਲਿਆਂ ਨੂੰ ਕੰਟਰੋਲ ਕਰਨ ਦਾ ਕੰਮ ਮਿਲ ਜਾਵੇਗਾ; ਨਹੀਂ ਦੇਸ ਦੀ ਵਧੀ ਆਬਾਦੀ ਘਟ ਜਾਵੇਗੀ। ਐਬੇਸੀਨੀਆ ਜਿੱਤਣ ਵਾਲੀ ਸਕੀਮ ਮਸੋਲੀਨੀ ਦੀ ਕਾਮਯਾਬ ਰਹੀ, ਭਾਵੇਂ ਦੂਜੀ ਸੰਸਾਰ ਜੰਗ ਵਿਚ ਹਾਰਨ ਨਾਲ ਉਸ ਕੋਲੋਂ ਸਭ ਕੁਝ ਖੁੱਸ ਗਿਆ। ਹਿੰਦੂਵਾਦ ਦੀ ਜਕੜ ਵਿਚ ਆਇਆ ਪੰਜਾਬ, ਅਜ ਮੈਨੂੰ ਕੁਚਲਿਆ ਜਾ ਰਿਹਾ ਐਬੇਸੀਨੀਆ ਹੀ ਲਗਦਾ ਹੈ। ਮਸੋਲੀਨੀ ਦੇ ਦੋ ਹੀ ਮਕਸਦ ਸਨ, ਹਾਰ ਗਿਆ ਤਾਂ ਇਟਲੀ ਦੀ ਵਧੀ ਆਬਾਦੀ ਘਟ ਜਾਵੇਗੀ, ਤੇ ਜਿੱਤ ਗਿਆ, ਤਾਂ ਮੇਰੇ ਇਟੇਲੀਅਨਾਂ ਨੂੰ

ਇੰਤਜ਼ਾਮੀਆਂ ਕੰਮ ਮਿਲ ਜਾਵੇਗਾ। ਭਾਰਤ ਦੀ ਵਧੀ ਬੇਥਾਹ ਆਬਾਦੀ ਦਾ ਮਸਲਾ, ਦਿੱਲੀ ਸਰਕਾਰ ਲਈ ਸਿਰਦਰਦੀ ਬਣਿਆ ਹੋਇਆ ਹੈ। ਦੂਜੇ ਬ੍ਰਾਹਮਣਵਾਦ ਨੂੰ, ਸਿਰ ਦੇ ਕੇ ਪੰਜਾਬ ਤੇ ਸਿੱਖੀ ਬਚਾਉਣ ਵਾਲੇ ਮਰਜੀਵੜਿਆਂ ਤੋਂ ਭੈ ਆਉਂਦਾ ਏ। ਸਿੱਖ ਭੂਤਨੇ ਮਰਨ ਤੋਂ ਨਹੀਂ ਡਰਦੇ, ਇਸ ਲਈ ਪੰਜਾਬ ਇਹਨਾਂ ਤੋਂ ਖਾਲੀ ਕਰਵਾਇਆ ਜਾ ਰਿਹਾ ਹੈ ਤੇ ਪੰਜਾਬ ਵਿਚ ਘਟ ਗਿਣਤੀ ਹੋਏ ਪੰਜਾਬੀਆਂ ਨੂੰ ਤੈਅ ਕਰਨਾ ਹੋਰ ਆਸਾਨ ਹੋ ਜਾਵੇਗਾ। ਬ੍ਰਾਹਮਣਵਾਦ ਲਈ ਪੰਜਾਬੀਆਂ ਤੇ ਸਿੱਖਾਂ ਦੀਆਂ ਤਰਾਨਵੇਂ ਫਾਂਸੀਆਂ, ਕਾਲੇਪਾਣੀਆਂ ਦੀਆਂ ਹਜ਼ਾਰਾਂ ਦੀ ਗਿਣਤੀ ਵਿਚ ਉਮਰ ਕੈਦਾਂ ਤੇ ਸਿਰੜ ਝੱਲਣਾ ਹਊਆ ਬਣਿਆ ਹੋਇਆ ਹੈ। ਪੰਜਾਬੀਆਂ ਤੇ ਸਿੱਖਾਂ ਦੀਆਂ ਕੁਰਬਾਨੀਆਂ ਨੂੰ ਸ਼ਾਬਾਸ਼ ਦੇਣ ਦੀ ਥਾਂ, ਡਰਦੇ ਬ੍ਰਾਹਮਣਵਾਦ ਨੇ ਇਹਨਾਂ ਨੂੰ ਖਿਲਾਰ ਕੇ ਚੱਜ ਨਾਲ ਤਹਿ ਕਰਨਾ ਮਿਥ ਲਿਆ। ਹਾਲਾਂਕਿ ਪਾਕਿਸਤਾਨ ਦੀਆਂ ਸਾਰੀਆਂ ਜੰਗਾਂ ਵਿਚ ਸਿੱਖ ਫੌਜੀਆਂ ਦੀਆਂ ਸ਼ਹਾਦਤਾਂ ਤੇ ਬਹਾਦਰੀਆਂ ਅੱਖੀਂ ਵੇਖ ਲਈਆਂ ਹਨ। ਜਿਵੇਂ ਸ. ਜਮੀਅਤ ਸਿੰਘ ਨੇ ਸਿੰਗਾਪੁਰ ਦੇ ਲੀ ਕੁਆਂਗ ਨੂੰ ਜਿਤਾ ਕੇ ਵਜ਼ੀਰੇ ਆਜ਼ਮ ਬਣਾਇਆ ਸੀ ਤੇ ਮੁੜ ਲੀ ਕੁਆਂਗ ਨੇ ਜਮੀਅਤ ਸਿੰਘ ਦੀ ਲੋਕ ਸ਼ਕਤੀ ਤੋਂ ਹੈਰਾਨ ਹੋ ਕੇ ਉਸ ਨੂੰ ਹੀ ਨਗਰੀ ਬੁਆਂਗ (ਜਲਾਤਵਨ) ਕਰ ਦਿੱਤਾ ਸੀ। ਬਿਲਕੁਲ ਬ੍ਰਾਹਮਣਵਾਦ ਦਿਲ ਦੇ ਡਰ ਭੈ ਨਾਲ ਸਿੱਖਾਂ ਦੀਆਂ ਜਿਤਾਂ, ਬਹਾਦਰੀਆਂ ਤੇ ਸਿਦਕ ਦਿਲੀ ਤੋਂ ਡਰ ਕੇ ਇਹਨਾਂ ਦੀ ਅਣਖੀਲੀ ਸਪ੍ਰਿਟ ਰਾਜਨੀਤਕ ਚਾਲਾਂ ਨਾਲ ਖੋਰਨ ਤੇ ਆ ਗਿਆ ਹੈ। ਪੰਜਾਬੀਓ! ਜਿਹੜੇ ਅੱਸੀ ਫੀ ਸਦੀ ਸਿਰ ਦੇ ਕੇ ਸੂਰਮਿਆਂ ਨੇ ਆਜ਼ਾਦੀ ਜਿੱਤੀ ਸੀ, ਉਹਨਾਂ ਦੀ ਕੁਰਬਾਨੀ ਖਟੇ ਵਟੇ ਪਾ ਕੇ ਗਾਂਧੀ ਨਹਿਰੂ ਦੁਸ਼ਮਣਾਂ ਦੀ ਕਾਂਗਰਸ ਨੇ ਪਹਿਲੋਂ ਤੁਹਾਡੀ ਅਣਥਕ ਮਿਹਨਤ ਨੂੰ ਕਰਜ਼ਾਈ ਕੀਤਾ; ਮੁੜ ਅਜਿਹੇ ਹਾਲਾਤ ਪੈਦਾ ਕੀਤੇ, ਤੁਹਾਨੂੰ ਜ਼ਮੀਨਾਂ ਵੇਚ ਵੇਚ ਪ੍ਰਦੇਸਾਂ ਨੂੰ ਤੋਰ ਦਿੱਤਾ।

ਸੋਨੇ ਤੋਂ ਕਾਠ ਦੀ ਬਣੀ ਪੰਜਾਬ ਚਿੜੀ ਵਲੋਂ ਅੱਕ ਥੱਕ, ਪ੍ਰਦੇਸਾਂ ਵਿਚ ਜਿਹੜੀ ਸੋਨੇ ਦੀ ਖਾਣ ਲਭੀ ਹੈ, ਇਸ ਸੋਨੇ ਦੇ ਸੱਪ ਦੀ ਜੱਫੀ ਲਪੇਟ ਵਿਚੋਂ ਬਚ ਸਕੋਗੇ? ਆਰਥਿਕ ਹਾਲਾਤ ਦਾ ਸੱਚ ਦੋਹਾਈ ਪਾ ਰਿਹਾ ਹੈ : ਤੁਸੀ ਹਸਰਤ ਨਾਲ ਚਾਹੁੰਦੇ ਹੋਏ ਵੀ ਪੰਜਾਬ ਨਹੀਂ ਮੁੜ ਸਕੋਗੇ। ਤੁਹਾਡੀ ਸਾਹ ਵਰੋਲਦੀ ਆਖਰੀ ਖਾਹਸ਼ ਤਰਲੇ ਲਵੇਗੀ : "ਕਾਸ਼! ਅਸੀਂ ਪੰਜਾਬ ਦੇ ਸਰੀਕੇ ਕਬੀਲੇ ਵਿਚ ਮਰ ਸਕਦੇ।" ਦਿਲ ਦੀਆਂ ਅੰਤਲੀਆਂ ਖਾਹਸ਼ਾਂ ਤੇ ਹਸਰਤਾਂ ਵੀ ਪ੍ਰਦੇਸਾਂ ਵਿਚ ਹੀ ਸੜਨਗੀਆਂ। ਆਖਰੀ ਦਮ ਨਿਕਲਣ ਸਮੇਂ ਪੰਜਾਬ ਦੇ ਬਾਪੂ ਸੂਰਮਿਆਂ ਦੀਆਂ ਬਹਾਦਰੀਆਂ, ਸ਼ਹਾਦਤਾਂ ਤੇ ਸਿਰੜਾਂ ਨਾਲ ਉਸਾਰੇ ਇਤਿਹਾਸ ਦੀਆਂ ਯਾਦ

ਆਉਣਗੀਆਂ। ਜਿਹੜੀਆਂ ਅੰਤ ਅਖੀਰ ਤੁਹਾਡੇ ਨਾਲ ਹੀ ਸੁਆਹ ਹੋ ਜਾਣਗੀਆਂ। ਮਾਫ ਕਰਨਾ, ਮੈਂ ਮਰਨ ਤੋਂ ਪਹਿਲਾਂ ਔਖਾ ਸੱਚ ਉਭਾਸਰ ਰਿਹਾ ਆਂ।

ਪ੍ਰਦੇਸੀਓ! ਤੁਹਾਡੇ ਵਾਰਸ ਬੱਚੇ ਸਿੱਖੀ ਸਿਦਕ ਦੇ ਬੁਨਿਆਦੀ ਅਸੂਲਾਂ ਉਤੇ ਖੜੇ ਰਹਿ ਸਕਣਗੇ? ਨਹੀਂ, ਕਦੱਤ ਨਹੀਂ, ਹਾਬੜੇ ਮਾਹੌਲ ਵਿਚ ਅੰਮ੍ਰਿਤ ਰਸ ਬਾਣੀ ਤੇ ਸਿਦਕ ਦੇ ਲਹੂ ਨਾਲ ਉਸਾਰੇ ਇਤਿਹਾਸ ਤੱਕ ਨੂੰ ਭੁਲ ਜਾਣਗੇ। ਇਹ ਵੀ ਭੁੱਲ ਜਾਣਗੇ, ਸਾਡੇ ਰਾਹ ਵਖਾਵੇ ਗੁਰੂ ਨਾਨਕ, ਗਿਦੜੋਂ ਸ਼ੇਰ ਬਣਾਉਣ ਵਾਲੇ ਗੁਰੂ ਗੋਬਿੰਦ ਸਿੰਘ ਤੇ ਉਸ ਦੇ ਵਾਰਸ ਸਿੱਖ, ਸ਼ਹੀਦੀਆਂ ਦੀ ਕਤਾਰ ਖੜੀ ਕਰਨ ਵਾਲੇ ਸੂਰਮੇ ਸਰਦਾਰ ਕਿਥੇ ਗਵਾਚ ਗਏ, ਜਿਹਨਾਂ ਜ਼ਾਲਮ ਬਾਦਸ਼ਾਹੀਆਂ ਢਾਹੀਆਂ ਸਨ? ਉਸ ਸੂਰਤ ਵਿਚ ਦੋਸ਼ੀ ਤੁਹਾਡੇ ਬੱਚੇ ਨਹੀਂ, ਸਿੱਖ ਕੌਮ ਦੇ ਬਹਾਦਰ ਇਤਿਹਾਸ ਵਿਚ ਦੋਸ਼ੀ ਖੁਦ ਤੁਸੀਂ ਗਰਦਾਨੇ ਜਾਵੋਂਗੇ। ਆਪਣੀ ਗਰੀਬੀ ਧੋਣ ਪ੍ਰਦੇਸ ਤੁਸੀਂ ਗਏ ਸੀ। ਗਏ ਤਾਂ ਮੋੜੇ ਮੁੜੇ ਹੀ ਨਾ। ਬੱਚਿਆਂ ਨੂੰ ਉਸ ਮਾਹੌਲ ਨੇ ਆਪਣੇ ਅਨੁਸਾਰੀ ਢਾਲ ਲਿਆ। ਪ੍ਰਦੇਸ ਕਮਾਈ ਕਰਨ ਗਏ ਸੀ, ਓਥੇ ਹਮੇਸ਼ਾ ਦੇ ਵਸਨੀਕ ਹੋਣ ਲਈ ਨਹੀਂ ਗਏ ਸੀ। ਸੋਨੇ ਨੇ ਓਥੇ ਤੁਹਾਡੇ ਹੱਥਕੜੀਆਂ ਹੀ ਨਹੀਂ, ਪੈਰੀਂ ਬੇੜੀਆਂ ਪਾ ਲਈਆਂ। ਅੱਗਾ ਦੌੜ ਤੇ ਕੌਮੀ ਪਿੱਛਾ ਚੌੜ ਹੋ ਗਿਆ।

ਬਾਹਰਲੇ ਭਰਾਵੋ! ਰੱਜ ਆਣ, ਕੁੱਦ ਆਣ ਨੇ ਪੰਜਾਬ ਦਾ ਸਿਦਕਵਾਨ ਤੇ ਇਤਿਹਾਸਕ ਪਿਛਵਾੜਾ ਅਸਲੋਂ ਖੋਰ ਸੁੱਟਿਆ। ਗੁਰੂ ਨੇ ਆਪਣੇ ਸਿੱਖਾਂ ਨੂੰ ਵਾਰ ਵਾਰ ਚੇਤਾਵਣੀ ਦਿਤੀ ਸੀ : ਮਾਇਆ ਮੋਹਣੀ ਆਈ ਭੂਤਨੀ ਤੇ ਗਈ ਖੋਟੀ ਚੰਦਰੀ। ਲੋੜ ਤੋਂ ਵਾਧੂ ਅੱਧੀ ਰੋਟੀ ਹੋਰ ਖਾਧੀ ਮੌਤ ਸਹੇੜਦੀ ਹੈ। ਤੁਸੀ ਰੱਜ ਤੋਂ ਵਧ ਅਫਰੇਵੇਂ ਤੱਕ ਖਾਣ ਵਾਲਿਓ, ਬਚੋਗੇ ਕਿਵੇਂ? ਦੇਸ.ਲਈ ਸ਼ਹੀਦੀਆਂ ਦੇ ਕੇ ਆਜ਼ਾਦ ਕਰਵਾਇਆ, ਪੰਜਾਬ ਗਵਾਇਆ, ਆਜ਼ਾਦੀ ਗਵਾਈ, ਆਨ ਅਣਖ ਗੰਵਾਈ, ਸਿੱਖੀ-ਸਿਦਕ ਵਸਾਰਿਆ; ਹੁਣ ਸਿੜੀ ਤੇ ਪਿਆ ਪੰਜਾਬ ਪੁੱਛ ਰਿਹਾ ਹੈ, ਮੈਨੂੰ ਪਿੱਛਾ ਦੇ ਕੇ ਕੀ ਖੱਟਿਆ? ਆਪ ਮਰੇ, ਪਿੱਛੇ ਪਰਲੋ ਛੱਡ ਗਏ। ਤੁਹਾਡਾ ਆਰਥਿਕ ਪੱਖੋਂ ਔਖੇ ਹੋ ਕੇ ਬਾਹਰ ਕਮਾਈ ਕਰਨ ਜਾਣਾ ਗਲਤ ਨਹੀਂ ਸੀ ਪਰ ਉਸ ਬੜਵਾਨਲ ਵਿਚ ਹਮੇਸ਼ਾ ਲਈ ਸੜ ਮਰਨਾ, ਬੁਨਿਆਦੀ ਕੌਮੀ ਗਲਤੀ ਸੀ। ਕੌਮ ਤੇ ਭੀੜ ਪਹਿਲੀ ਵਾਰ ਨਹੀਂ ਪਈ ਸੀ। ਪਰ ਸਿਦਕ ਸਬਰ ਦੀ ਲੜਾਈ ਲੜ ਕੇ ਉਹਨਾਂ ਤੋਂ ਪਾਰ ਉਤਾਰਾ ਵੀ ਹੁੰਦਾ ਰਿਹਾ ਹੈ। ਬਾਬਰ, ਨਾਦਰਸ਼ਾਹ, ਅਬਦਾਲੀ, ਮੀਰ ਮੰਨੂ ਤੇ ਹੋਰ ਖੂੰਨੀ ਯਲਗਾਰਾਂ ਵਿਚੋਂ ਵੱਢੀਦੇ ਸਾਬਤ ਸਬੂਤ ਨਿਕਲਦੇ ਰਹੇ ਆਂ; ਪਰ ਕਾਂਗਰਸ ਦੀ ਚਾੜ੍ਹੀ ਭੁੱਖ ਹਨੇਰੀ ਅਗੇ ਆਪਣੀ ਸਿਰੜੀ ਮਿਹਨਤ ਦੇ

ਹਥਿਆਰ ਕਿਉਂ ਸੁੱਟ ਦਿੱਤੇ ? ਯਾਦ ਰਖੋ, ਤੁਸਾਂ ਬਹਾਦਰਾਂ ਅੱਗੇ ਨਹੀਂ, ਹਿਜੜਿਆਂ ਦੀਆਂ ਚੁਸਤੀਆਂ ਅੱਗੇ ਹਥਿਆਰ ਸੁੱਟ ਕੇ ਪੰਜਾਬ ਨੂੰ ਬੇਦਾਅਵਾ ਦੇ ਗਏ ਹੋ।

ਹੁਣ ਆਖਰੀ ਸਵਾਲ ਪ੍ਰਦੇਸੀ ਭਰਾਵੋ, ਵਿਚਾਰਾ ਹੋਇਆ ਪੰਜਾਬ ਤੁਹਾਨੂੰ ਪੁੱਛਦਾ ਹੈ : ਗੁਰੂ ਦਾ ਬਖਸ਼ਿਆ ਸਿਦਕ ਸਿਰੜ ਤੁਹਾਡੇ ਵਿਚ ਥੋੜਾ ਬਹੁਤ ਬਚਿਆ ਰੜਕਦਾ ਹੈ ਜਾਂ ਉਹ ਵੀ ਹਾਰ ਦਿੱਤਾ ਹੈ ? "ਲਾਖ ਸੇ ਏਕ ਲੜਾਊਂ, ਤਬੀ ਗੋਬਿੰਦ ਸਿੰਘ ਨਾਮ ਕਹਾਊਂ।" ਵਾਲੀ ਵੰਗਾਰ ਦਿਲ ਦੇ ਕਿਸੇ ਖੂੰਜੇ ਰੜਕਦੀ ਹੈ, ਜਾਂ ਉਹ ਵੀ ਮਿਟੀ ਹੋ ਗਈ ? ਗੁਰੂ ਗੋਬਿੰਦ ਸਿੰਘ ਦੀ ਲਲਕਾਰ ਹੀ ਤੁਹਾਨੂੰ ਪੰਜਾਬ ਦੇ ਸਿਦਕ ਨਾਲ ਜੁੜਦੇ ਕਰਦੀ ਹੈ; ਵਰਨਾ ਕੌਮੀ ਗੈਰਤ ਆਖਦੀ ਹੈ, "ਤੂੰ ਕੌਣ, ਮੈਂ ਕੌਣ ?" ਮਾਈ ਭਾਗੋ ਨੇ ਅਨੰਦਪੁਰ ਦੀ ਸਿਰਧੜ ਦੀ ਲੜਾਈ ਵਿਚਕਾਰੇ ਛਡ ਆਉਣ ਵਾਲੇ ਸਿੰਘਾਂ ਨੂੰ ਵੰਗਾਰਿਆ ਸੀ,

> "ਤੁਸੀਂ ਗੁਰੂ ਗੋਬਿੰਦ ਸਿੰਘ ਨੂੰ ਬੇਦਾਅਵਾ ਦੇ ਕੇ ਨਹੀਂ ਆਏ, ਸਿੱਖੀ ਤੇ ਪੰਜਾਬ ਦੀ ਅਣਖ ਵੀ ਰੋੜ ਆਏ ਓ।"

ਮਾਈ ਭਾਗੋ ਦੀ ਲਲਕਾਰੀ ਕਾਤੀ ਨੇ ਸਿੱਖਾਂ ਦੀ ਘੁੰਡ ਮੋੜੀ ਸ਼ਕਤੀ ਨੂੰ ਅਜਿਹਾ ਜੋਸ਼ ਉਬਾਲਾ ਦਿੱਤਾ; ਖਿਦਰਾਣੇ ਦੀ ਢਾਬ ਬੜਕਾਂ ਮਾਰਦੀ ਇਤਿਹਾਸਕ ਪੱਖੋਂ ਸੁਲਖਣੀ ਹੋ ਉਠੀ। ਤੁਸੀਂ ਕਿਉਂ ਨਹੀਂ ਸਮਝਦੇ, ਸੋਚੀ ਸਮਝੀ ਚੁਸਤੀ ਨਾਲ ਤੁਹਾਡੇ ਕੋਲੋਂ ਪੰਜਾਬ ਖਾਲੀ ਕਰਵਾਇਆ ਜਾ ਰਿਹਾ ਏ। ਬ੍ਰਾਹਮਣਵਾਦ ਦੀ ਖੋਟੀ ਨੀਅਤ ਨੇ ਪੰਜਾਬ ਦੇ ਭਰਾਵਾਂ ਨੂੰ ਪਾੜ ਕੇ ਲੜਾਇਆ, ਮਰਵਾਇਆ ਤੇ ਖੋਟੇ ਕਰ ਮਾਰਿਆ ਹੈ। ਸਿੰਗਾਪੁਰ ਵਾਲੇ ਜਮੀਅੱਤ ਸਿੰਘ ਉਤੇ, ਪ੍ਰਾਈਮ-ਮਨਿਸਟਰ ਦੀ ਖੋਟੀ ਚਾਲ ਮਿਸਾਲ ਤੁਹਾਡੇ ਅਗੇ ਮੁੜ ਰਖਦਾ ਆਂ। ਦਹਿਸਿਰੀਏ ਰਾਵਣ ਨੂੰ ਰਾਮ ਨੇ ਨਹੀਂ ਭਰਾ ਭਵੀਖਣ ਨੇ ਮਰਵਾਇਆ ਸੀ। ਇਹਨਾਂ ਪੰਜਾਬ ਦੇ ਕਾਂਗਰਸੀ ਹਤਿਆਰਿਆਂ ਦੇ ਕੰਨ ਵਿਚ ਪੰਜਾਬ ਦੀ ਅਕਲ ਪਿਆਰ ਦਾ ਤੁਪਕਾ ਪਾ ਕੇ ਦਿੱਲੀਓਂ ਘਰ ਮੋੜ ਲਿਆਵੋ। ਨਹੀਂ ਤਾਂ ਗੁਰੂ ਦੀਆਂ ਦਿੱਤੀਆਂ ਸਾਰੀਆਂ ਬਖਸ਼ਸ਼ਾਂ ਦਿੱਲੀ ਨੂੰ ਗਹਿਣੇ ਬੈ ਕਰ ਆਉਣਗੇ। ਤੁਸੀਂ ਦੁਸ਼ਮਣ ਨੂੰ ਤਾਂ ਮਾਰ ਸਕਦੇ ਹੋ; ਪਰ ਦੁਸ਼ਮਣ ਬਣੇ ਭਰਾ ਨੂੰ ਕਿਵੇਂ ਮਾਰੋਗੇ ? ਹਿੰਦੋਸਤਾਨ ਦੀ ਆਜ਼ਾਦੀ ਗਾਂਧੀ ਨਹਿਰੂ ਨੇ ਨਹੀਂ ਜਿੱਤੀ ਸੀ; ਇਹ ਮਾਅਰਕਾ ਚੌਦਾਂ ਪੰਦਰਾਂ ਦੇ ਗ਼ਦਰੀ ਬਾਬਿਆਂ ਦੀਆਂ ਤਰਾਨਵੇਂ ਫਾਂਸੀਆਂ ਤੇ ਨੌਜਵਾਨਾਂ ਦੀਆਂ ਸ਼ਹਾਦਤਾਂ ਮਾਰਿਆ ਸੀ। ਹੁਣ ਵਜਾਹ ਵਜਾਹ ਨਾਲ ਸ਼ਹਾਦਤਾਂ ਦੇਣ ਵਾਲੀ ਕੌਮ ਨੂੰ ਖੋਰਿਆ ਜਾ ਰਿਹਾ ਹੈ; ਤਾਂ ਜੋ ਆਜ਼ਾਦੀ ਦੀ ਤਾਰੀਖੀ ਜਿੱਤ ਦਾ ਇੰਤਕਾਲ ਕਾਂਗਰਸ ਆਪਣੇ ਨਾਂ ਕਰਵਾ ਸਕੇ। ਪੰਜਾਬੀ ਕੌਮੀਅਤ ਨੂੰ ਸਾਰੇ ਪੱਖਾਂ ਤੋਂ ਖਲਾਰਿਆ, ਵਿਗਾੜਿਆ ਤੇ ਅਸਲੋਂ ਬਲਹੀਣ ਕੀਤਾ ਜਾ ਰਿਹਾ ਹੈ।

ਪੰਜਾਬੀਓ! ਬ੍ਰਾਹਮਣਵਾਦੀ ਪਰਲੋ ਜ਼ੋਰੋ ਜ਼ੋਰ ਧੱਕਾ ਦੇਈ ਚੜ੍ਹੀ ਆ ਰਹੀ ਹੈ। ਇਹਨਾਂ ਕਮਜ਼ੋਰ ਹਾਲਤਾਂ ਵਿਚ ਪੰਜਾਬ ਮੈਨੂੰ ਬਚਦਾ ਨਹੀਂ ਦਿਸਦਾ। ਆਖਰੀ ਬਚਤ ਦਾ ਰਾਹ ਇਕੋ ਰਹਿ ਗਿਆ ਹੈ। ਥਾਂ ਥਾਂ ਮਾਰੇ ਕੁੱਟੇ ਤੇ ਥਾਂ ਥਾਂ ਖਿਲਰੇ ਯਹੂਦੀਆਂ ਦੇ ਇਕ ਮੁੱਠ ਹੋਣ ਵਾਂਗ, ਪੰਜਾਬ ਦੀਆਂ ਸਾਰੀਆਂ ਘਟ ਗਿਣਤੀਆਂ ਸਾਂਝੇ ਪ੍ਰੋਗਰਾਮ ਤੇ ਇਕ ਮੁੱਠ ਹੋ ਕੇ ਲੋਹੇ ਦੀ ਦੀਵਾਰ ਬਣ ਜਾਣ। ਬਾਹਰਲੇ ਪੰਜਾਬੀਆਂ ਨੂੰ ਅਪੀਲ ਕਰੋ, "ਅੱਗਾ ਦੌੜ, ਪਿੱਛਾ ਚੌੜ ਦੀ ਪਾਲਿਸੀ ਅਸਲੋਂ ਗਲਤ ਹੈ। ਜੇ ਪੰਜਾਬ ਤੁਹਾਡਾ ਕੌਮੀ ਘਰ ਹੀ ਨਾ ਰਿਹਾ; ਸ਼ਾਇਦ ਸਿਰਕੀਵਾਸ ਵੀ ਨਾ ਰਹੋ।" ਆਪਣੇ ਰਾਜ ਭਾਗ ਬਿਨਾ ਸਾਰੀਆਂ ਕੌਮਾਂ ਮੰਗਤੀਆਂ ਬਣਦੀਆਂ ਖੁਰ ਜਾਂਦੀਆਂ ਰਹੀਆਂ ਹਨ। ਇਤਿਹਾਸ ਇਸ ਦਾ ਪੱਕਾ ਸਬੂਤ ਗਵਾਹ ਹੈ। ਗੁਰੂ ਬਖਸ਼ਸ਼ ਦੀਆਂ ਦਿੱਤੀਆਂ ਸਾਰੀਆਂ ਅਮੋਲ ਵਰਾਸਤਾਂ, ਖਾਰੇ ਸਾਗਰ ਵਿਚ ਨਿਸਚਿਤ ਖੁਰ ਜਾਣਗੀਆਂ। ਜੇ ਮਜ਼੍ਹਬੀ ਸਿੱਖਾਂ ਤੇ ਰਵੀਦਾਸ ਭਗਤਾਂ ਨੂੰ ਬਰਾਬਰ ਦਾ ਥਾਪੜਾ ਨਾ ਦਿੱਤਾ, "ਤੁਮਾਹਰੀ ਦਾਸਤਾਂ ਤੱਕ ਨਾ ਹੋਗੀ, ਦਾਸਤਾਨੋ ਮੇਂ।" ਤੁਸੀਂ ਯਕੀਨਨ ਨਹੱਥੇ ਹੀ ਮਾਰੇ ਜਾਵੋਗੇ। ਮਜ਼੍ਹਬੀ ਤੇ ਰਮਦਾਸੀਏ ਭਰਾ, ਪੰਜਾਬੀ ਕੌਮ ਦੀ ਢਾਲ ਤਲਵਾਰ ਹਨ। ਗੁਰੂ ਸਵਾਰੀਆਂ ਇਹਨਾਂ ਦੋਹਾਂ ਸ਼ਕਤੀਆਂ ਨੂੰ ਜੋੜੇ ਬਿਨਾ ਤੁਸੀਂ ਰਾਜ ਸ਼ਕਤੀ ਉੱਕਾ ਹੀ ਹਾਸਲ ਨਹੀਂ ਕਰ ਸਕਦੇ। ਜੇ ਪੱਕੀ ਰਾਜ ਸ਼ਕਤੀ ਹੱਥ ਨਹੀਂ, ਕੌਮੀ ਖਾਤਮਾ ਵੱਟ ਤੇ ਪਿਆ ਹੈ। ਜੇ ਪੰਜਾਬੀਅਤ ਤੇ ਸਿੱਖ ਵਿਰਾਸਤ, ਦੋਹਾਂ ਜੁੜਵੀਆਂ ਭੈਣਾਂ ਨੂੰ ਜਿਉਂਦੀਆਂ ਰਖਣਾ ਹੈ; ਤਦ ਆਰਥਿਕ ਪਖੋਂ ਟੁਟੀਆਂ ਜਮਾਤਾਂ ਨੂੰ ਬਰਾਬਰ ਦੇ ਆਗੂ ਜੋਧੇ ਬਣਾਓ। ਜੇ ਉਹਨਾਂ ਦੇ ਲੜਾਕੇ ਭਰਾਵਾਂ ਨੂੰ ਦਿਲ ਦੇ ਜਾਨੀ ਨਹੀਂ ਬਣਾ ਸਕਦੇ; ਤਦ ਕੌਮੀ ਖਾਤਮਾ ਵੱਟ ਤੇ ਪਿਆ ਹੈ। ਮਾ. ਤਾਰਾ ਸਿੰਘ ਵਾਲੀ ਗਲਤੀ ਨਾ ਕਰੋ। ਤੁਸੀਂ ਪੰਜਾਬੀਓ ਸ਼ੇਰੇ ਬਘੇਰੇ ਦੇ ਸੰਨ੍ਹ ਆਏ ਹੋ। ਤਾਰੀਖ ਦਾ ਪੱਕਾ ਫਰਮਾਨ ਹੈ : "ਕੋਈ ਕੌਮ ਆਪਣੇ ਰਾਜ ਬਿਨਾ ਖੜ੍ਹੀ ਨਹੀਂ ਰਹਿ ਸਕਦੀ।" ਭਾਰਤ ਦੀਆਂ ਸਾਰੀਆਂ ਕੌਮੀਅਤਾਂ "ਦਮ ਘੁੱਟੀ" ਬੈਠੀਆਂ ਹਨ। ਬ੍ਰਾਹਮਣਵਾਦ ਦੀ ਧੰਗੇੜ ਦਾ ਪ੍ਰਤਿਕਰਮ ਯਕੀਨਨ ਰਾਜਸੀ ਗੜਬੜ ਪੈਦਾ ਕਰੇਗਾ। ਪੰਜਾਬੀਅਤ ਦੀਆਂ ਆਪ ਮੁਹਾਰੀਆਂ ਖਿਲਰੀਆਂ ਸ਼ਕਤੀਆਂ ਨੂੰ ਜੋੜਨਾ ਹੀ ਕਿਲੇ ਬੰਦ ਹੋਣਾ ਹੈ। ਸਕੂਲਿੰਗ ਦੇ ਕੇ ਆਰਥਿਕ ਪੱਖੋਂ ਟੁਟੀਆਂ ਜਮਾਤਾਂ ਨੂੰ ਹਥਿਆਰਬੰਦ ਸ਼ਕਤੀ ਬਣਾਓ ਅਤੇ ਉਹਨਾਂ ਦਾ ਰੌਸ਼ਨ ਭਵਿਖ ਉਜਾਗਰ ਕਰੋ। ਜੇ ਸੁਚੇਤ ਕਦਮ ਜੋੜ ਨਹੀਂ ਸਕਦੇ; ਤਦ ਪੰਜਾਬੀਅਤ ਦੀ ਸਿੜ੍ਹੀ ਤਿਆਰ ਕਰੋ। ਇਹ ਆਖਰੀ ਲੜਾਈ ਹਾਰ ਜਿੱਤ ਦੀ ਨਹੀਂ; ਜ਼ਿੰਦਗੀ ਮੌਤ ਦੀ ਹੋਵੇਗੀ। ਤਾਰੀਖ ਦੀ ਫੜੀ ਕਲਮ ਤੁਹਾਡੀ "ਹਾਂ ਨਾਂਹ" ਦੀ ਉਡੀਕ ਕਰ ਰਹੀ ਹੈ। ਪੱਕੇ ਇਰਾਦੇ ਨਾਲ ਫੈਸਲੇ ਵਾਲਾ ਕਦਮ ਛੇਤੀ ਪੁੱਟੋ; ਗੁਜ਼ਰਿਆ ਵਕਤ ਤਾਂ

ਪੈਗੰਬਰਾਂ ਦੇ ਹੱਥ ਨਹੀਂ ਆਇਆ। ਜੇ ਗੁਰੂ ਦਸਮੇਸ਼ ਦੇ ਜੋਧੇ ਸਿੰਘ ਹੋ, ਗੁਲਾਮੀ ਦੀ ਸਾਰੀ ਨਾਲੋਂ ਅੱਧੀ ਖਾ ਕੇ ਸਿਰ ਬੁਲੰਦ ਰਖੋ। ਏਹੋ ਸਾਡੇ ਆਜ਼ਾਦ ਜੋਧੇ ਗੁਰੂ ਗੋਬਿੰਦ ਸਿੰਘ ਦਾ ਫਰਮਾਨ ਹੈ; ਜਿਸ ਆਜ਼ਾਦੀ ਲਈ ਜ਼ੁਲਮ ਵਿਰੁਧ ਸਾਰਾ ਪ੍ਰਵਾਰ, ਸਮੇਤ ਆਪਣੇ ਤੇ ਹਜ਼ਾਰਾਂ ਸਿੰਘਾਂ ਦੀਆਂ ਸ਼ਹਾਦਤਾਂ ਨੂੰ ਸਮਰਪਤ ਕਰਕੇ ਸੱਚ ਦਾ ਮਾਰਗ ਖੜ੍ਹਾ ਕੀਤਾ ਸੀ। ਉਸ ਸਿਰ ਤਲੀ ਤੇ ਰਖਣ ਵਾਲੇ ਜੋਧੇ ਨੇ ਕਿਸੇ ਗਲਤ ਪਾਤਸ਼ਾਹੀ ਨਾਲ ਸਮਝੌਤਾ ਨਹੀਂ ਕੀਤਾ ਸੀ। ਸਾਡੇ ਤਾਂ ਸਿਦਕੋਂ ਜ਼ਮੀਰੋਂ ਬ੍ਰਾਹਮਣਵਾਦ ਦੇ ਪੈਰਾਂ ਹੇਠ ਹੱਥ ਧਰੀ ਬੈਠੇ ਹੈ।

ਹੁਣ ਤੁਸੀਂ ਛੇਤੀ ਫੈਸਲਾ ਕਰੋ, ਗੁਰੂ ਮਾਰਗ 'ਤੇ ਚਲਣਾ ਹੈ ਜਾਂ ਉਸ ਨੂੰ ਗ਼ਦਾਰੀ ਦਾ ਦਾਗ਼ ਲਾਉਣਾ ਹੈ?

## ਆਖਰੀ ਚੇਤਾਵਣੀ

ਜਿਹੜੇ ਬ੍ਰਾਹਮਣਵਾਦ ਨੂੰ ਹੁਣ ਤੱਕ ਖੀਰ ਖਵਾਂਦੇ ਤੇ ਦੱਛਣਾ ਦੇਂਦੇ ਰਹੇ; ਅਜ ਉਸ ਬ੍ਰਾਹਮਣਵਾਦ ਨੇ ਹੀ ਉਹਨਾਂ ਨੂੰ ਨਾਗ ਵਲੇਵਾਂ ਮਾਰ ਲਿਆ ਹੈ। ਜਿਹਨਾਂ ਨੂੰ ਵਡੇਰੇ ਮੰਨ ਕੇ ਲਹੂ-ਪਸੀਨੇ ਦੀ ਕਮਾਈ ਨਾਲ ਪਾਲਦੇ ਰਹੇ, ਦੁਧ ਪਲਾਂਦੇ ਰਹੇ, ਓਹੀ ਸਿਰੇ ਦੇ ਦੁਸ਼ਮਣ ਨਿਕਲੇ। ਤੁਸੀਂ ਭੋਲਿਓ, ਇਹਨਾਂ ਨੂੰ ਗੁਰੂ ਪੀਰ ਮੰਨਦੇ ਘਰ ਦੇ ਮਾਲਕ ਬਣਾ ਬੈਠੇ। ਤੁਹਾਡੀ ਸ਼ਰਧਾ ਸਿਧੀ ਸਜ਼ਾ ਬਾਫਤਾ ਹੋ ਗਈ। ਦੁਸ਼ਮਣ ਦੀ ਮਿੱਠੀ ਜ਼ਬਾਨ ਤੇਜ਼ ਛੁਰੀ, ਤੁਹਾਡੀ ਹਾਉਕਹਾਰ ਗਰਦਨ; ਛੁਟਕਾਰੇ ਦਾ ਰਾਹ ਕੋਈ ਨਾ। ਭੀਲਾਂ ਦੇ ਰਾਜ ਸਮੇਂ ਦੀ ਇਕ ਕਹਾਣੀ ਹੈ। ਕਾਮਾ ਕਿਸਾਨ ਨੇ ਨੌਕਰੀ ਤੇ ਜਾਣ ਤੋਂ ਪਹਿਲਾਂ ਆਪਣਾ ਲੋਹਾ ਪੰਡਤ ਯਾਰ ਕੋਲ ਅਮਾਨਤ ਵਜੋਂ ਰਖ ਦਿੱਤਾ। ਫਿਰ ਕਈ ਸਾਲ ਪਿਛੋਂ ਆ ਕੇ ਲੋਹਾ ਵਾਪਸ ਮੰਗਿਆ। ਅਗੋਂ ਯਾਰ ਪੰਡਤ ਨੇ ਆਖਿਆ;

"ਦੋਸਤਾ! ਮੈਨੂੰ ਬੜਾ ਅਫਸੋਸ ਐ। ਉਸ ਲੋਹੇ ਨੂੰ ਤਾਂ ਘੁਣ ਖਾ ਗਿਆ ਸੀ ਤੇ ਮੈਂ ਬਾਹਰ ਸੁੱਟ ਦਿਤਾ।"

ਕਿਸਾਨ ਨੇ ਸੋਚਿਆ, ਯਾਰ ਤਾਂ ਬੇਈਮਾਨ ਹੋ ਗਿਆ। ਉਸ ਲੰਮੀ ਦ੍ਰਿਸ਼ਟੀ ਨਾਲ ਸੋਚਦਿਆਂ ਉਤਰ ਮੋੜਿਆ;

"ਕੋਈ ਗੱਲ ਨਹੀਂ ਯਾਰਾ, ਜੇ ਲੋਹੇ ਨੂੰ ਘੁਣ ਖਾ ਗਿਆ, ਤੂੰ ਮਨ ਤੋਂ ਅਫਸੋਸ ਲਾਹ ਛੱਡ।" ਕਿਸਾਨ ਨੇ ਲੰਮੀ ਸੋਚਦਿਆਂ, ਮਿੱਤਰਾਂ ਵਾਲੀ ਬੇਪ੍ਰਵਾਹੀ ਵਖਾਈ।

ਕੁਝ ਦਿਨਾਂ ਪਿਛੋਂ ਕਿਸਾਨ ਨੇ ਯਾਰ ਦੇ ਮੁੰਡੇ ਨੂੰ ਆਪਣੇ ਘਰ ਲੁਕਆ ਲਿਆ। ਆਥਣ ਤੱਕ ਜਦ ਮੁੰਡਾ ਘਰ ਨਾ ਆਇਆ ਤਾਂ ਫਿਕਰਮੰਦ ਪੰਡਤ ਨੇ ਕਿਸਾਨ ਤੋਂ ਪੁੱਛਿਆ। ਤਦ ਕਿਸਾਨ ਨੇ ਠਰੰਮੇ ਨਾਲ ਪਛਤਾਵਾ ਕਰਦਿਆਂ ਜਵਾਬ ਦਿੱਤਾ;

"ਯਾਰਾ, ਬੜੀ ਮਾੜੀ ਗਲ ਹੋਈ; ਮੁੰਡੇ ਨੂੰ ਤਾਂ ਇੱਲ ਚੁੱਕ ਕੇ ਲੈ ਗਈ ?"

"ਓਏ ਐਨੇ ਭਾਰੇ ਮੁੰਡੇ ਨੂੰ ਇੱਲ ਕਿਵੇਂ ਚੁੱਕ ਕੇ ਲੈ ਗਈ ?" ਪੰਡਤ ਹੈਰਾਨੀ ਵਿਚ ਹਰਾਸ ਚਾੜ੍ਹ ਗਿਆ।

ਝਗੜਾ ਵਧਿਆ ਤਾਂ ਮੁਕੱਦਮਾ ਭੀਲ ਰਾਜੇ ਦੇ ਆ ਪੇਸ਼ ਹੋਇਆ। ਉਸ ਕਿਸਾਨ ਨੂੰ ਡਾਂਟ ਕੇ ਪੁੱਛਿਆ।

"ਓਏ ਮੂਰਖਾ, ਐਨੇ ਭਾਰੇ ਮੁੰਡੇ ਨੂੰ ਇੱਲ ਕਿਵੇਂ ਚੁੱਕ ਕੇ ਲੈ ਗਈ ?"

ਤਦ ਸਿਆਣੇ ਕਿਸਾਨ ਨੇ ਭਰੀ ਕਚਹਿਰੀ ਵਿਚ ਆਪਣੇ ਜਵਾਬ ਵਜੋਂ ਇਕ ਸ਼ਲੋਕ ਬੋਲਿਆ;

"ਐਸੇ ਕੋ ਤੈਸਾ ਮਿਲੇ, ਸੁਣ ਏ ਰਾਜਾ ਭੀਲ।
ਲੋਹੇ ਕੋ ਘੁਣ ਖਾ ਗਿਆ, ਬੱਚੇ ਕੋ ਲੇ ਗਈ ਚੀਲ।"

ਉਤਲੀ ਮਿਸਾਲ ਦਸਦੀ ਹੈ, ਝੂਠੇ ਬ੍ਰਾਹਮਣਵਾਦ ਨੂੰ ਠੋਸ ਸੱਚ ਹੀ ਨਿੱਸਲ ਕਰ ਸਕਦਾ ਹੈ। ਹੁਣ ਤਾਂ ਰਾਜ ਭਾਗ ਉਤੇ ਆਇਆ ਉਹ ਸ਼ੀਂਹ ਬਣਿਆ ਬੈਠਾ ਹੈ। ਕਿਸਾਨ ਕੁਰਬਾਨੀਆਂ ਦੇ ਕੇ ਆਜ਼ਾਦੀ ਦੀ ਜੰਗ ਜਿੱਤ ਕੇ ਵੀ ਵਿਸਰ ਭੋਲ ਇਤਬਾਰ ਵਿਚ ਮਾਰਿਆ ਗਿਆ। ਹੁਣ ਪੰਜਾਬੀਅਤ ਨੂੰ ਜਿਉਂਦੀ ਜਾਗਦੀ ਰਖਣ ਲਈ ਨਿਰੀ ਮਿਹਨਤ ਹੀ ਨਹੀਂ, ਜੁੜਵੀਂ ਜਦੋ ਜਿਹਦ ਦੀ ਅਵਸ਼ ਲੋੜ ਹੈ। ਕੀਤੀ ਜਾ ਰਹੀ ਪੈਦਾਵਾਰ ਨੂੰ ਸੰਦਾਂ-ਹਥਿਆਰਾਂ ਦੀ ਰਾਖੀ ਚਾਹੀਦੀ ਹੈ ਜਿਸ ਤੋਂ ਅਵੇਸਲਾ ਹੋਇਆ ਪੰਜਾਬ ਹੁਣ ਤੱਕ ਲੁੱਟੀਦਾ, ਦੇਸਾਂ ਪ੍ਰਦੇਸਾਂ ਵਿਚ ਧੱਕੇ ਖਾਈ ਜਾ ਰਿਹਾ ਹੈ। ਸ਼ਹੀਦ ਸ. ਭਗਤ ਸਿੰਘ ਦੇ ਚਾਚੇ ਦੇ ਬੋਲਾਂ ਨਾਹਰਿਆਂ ਦੀ ਵਾਰਨਿੰਗ ਨਾਲ ਖਾਸ ਗੱਲ ਨੂੰ ਸਮਾਪਤ ਕਰਦਾ ਆਂ।

ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ।
ਲੁੱਟ ਲਿਆ ਮਾਲ ਤੇਰਾ, ਪਗੜੀ ਸੰਭਾਲ ਓਏ।

ਪੰਜਾਬੀਓ! ਗੁਰੂਕਿਆਂ ਨੇ ਤੁਹਾਨੂੰ ਭਖੰਡਾਂ ਤੋਂ ਕਢ ਕੇ ਜੋੜਿਆ ਸੀ; ਪਰ ਦੁਸ਼ਮਣਾਂ ਤੁਹਾਨੂੰ ਮੁੜ ਮੰਜੀਆਂ ਦੇ ਰਾਹ ਪਾ ਲਿਆ। ਏਕ ਪਿਤਾ ਤੇ ਸਰਬਤ ਦੇ

ਭਲੇ ਦਾ ਨਿਸ਼ਾਨਾ ਕਿੱਥੇ ਮਰ ਗਿਆ? ਹੋਸ਼ਿਆਰ, ਸਾਵਧਾਨ; ਦਿੱਲੀ ਬਿੱਲੀ ਤੁਹਾਡੀਆਂ ਹੱਡੀਆਂ ਤੱਕ ਖਾ ਜਾਵੇਗੀ। ਉਜੜਦੇ ਪੰਜਾਬ ਉੱਤੇ ਮੈਂ ਜ਼ਮੀਰ ਦੀ ਆਵਾਜ਼ ਵਜੋਂ "ਧਾਹ" ਮਾਰੀ ਹੈ। ਮੈਨੂੰ ਪੰਜਾਬ ਦੀ ਗੈਰਤ ਉੱਤੇ ਭਰੋਸਾ ਹੈ; ਉਹ ਆਪਣੇ ਜੋਸ਼ ਤੇ ਹੋਸ਼ ਨੂੰ ਇਨਕਲਾਬੀ ਪਲਟਾ ਦੇਵੇਗੀ।

ਉਜੜਦੇ ਪੰਜਾਬ ਉੱਤੇ ਧਾਹ ਮਾਰਦਾ ਤੇ ਪੰਜਾਬੀਆਂ ਦੇ ਜੇਰੇ ਜੁਰਅੱਤ ਨੂੰ ਵੰਗਾਰਦਾ;

ਕਲਮ ਦਾ ਹਥਿਆਰ ਚੁੱਕੀ ਖਲੋਤਾ, ਅਮਲ ਦਾ ਉਡੀਕਵਾਨ;

**ਜਸਵੰਤ ਸਿੰਘ ਕੰਵਲ**

ਸਮਾਪਤੀ ਤਾਰੀਖ:-14-8-2008.

# ਆਖਰੀ ਲਲਕਾਰ

ਪੰਜਾਬੀਓ, ਸਿੱਖੋ, ਖਾਸ ਤੌਰ ਤੇ ਘੱਟ ਗਿਣਤੀਓ! ਸਿਰਜਣਹਾਰ ਗੁਰੂ ਨੂੰ ਪ੍ਰਤਿੱਗਿਆਵਾਦੀ ਦਿੱਤੇ ਵਚਨ ਕਿੱਥੇ ਗੁਆ-ਭੁਲਾ ਦਿੱਤੇ? ਇਹ ਸਵਾਲ ਮੈਂ ਹੀ ਨਹੀਂ, ਤੁਹਾਡੇ ਗਲ੍ਹ ਪਈ ਪੱਗ ਤੇ ਹੁਣ ਤੱਕ ਹੋਈ ਤਾਰੀਖੀ ਬੇਹੁਰਮਤੀ, ਤੁਹਾਨੂੰ ਪਰ੍ਹੇ ਪੰਚਾਇਤ ਵਿਚ ਬਾਹਾਂ ਖਲਾਰ ਕੇ ਪੁੱਛਦੀ ਹੈ। ਨੀਵੀਂ ਚੁੱਕ ਕੇ ਕੋਈ ਤਾਂ 'ਹਾਂ-ਨਾਂਹ' ਦਾ ਜਵਾਬ ਦੇਵੋ? ਗੁਰੂ ਗੋਬਿੰਦ ਸਿੰਘ ਦੀ ਬਖਸ਼ੀ ਵੰਗਾਰ ਦਾ ਕੋਈ ਤਾਂ ਜਵਾਬ ਮੋੜੋ? ਕਿੱਥੇ ਗੁਆ ਘੱਤੀਆਂ ਤਾਰੀਖੀ ਸ਼ਾਨਾਂ?

"ਮੈਂ ਆਪਣਾ ਸਾਰਾ ਪਰਿਵਾਰ, ਮਾਂ-ਬਾਪ ਅਤੇ ਪੁੱਤਰਾਂ ਵਰਗੇ ਹਜ਼ਾਰਾਂ ਸਿੰਘ, ਤੁਹਾਡੀ ਕੌਮੀ ਅਣਖ ਸਥਾਪਤ ਕਰਨ ਲਈ ਕੁਰਬਾਨ ਕਰ ਦਿੱਤੇ। ਹੈਰਾਨੀ ਹੈ, ਤੁਸਾਂ ਅਣਖੀਲੀ ਆਜ਼ਾਦੀ, ਜਿਹੜੀ ਹਜ਼ਾਰਾਂ ਲੱਖਾਂ ਕੁਰਬਾਨੀਆਂ ਨਾਲ ਜਿੱਤੀ ਸੀ ਤੇ ਸਿੰਘਊ ਸਿਦਕ; ਬ੍ਰਾਹਮਣਵਾਦੀ ਗੁਲਾਮੀ ਵਿਚ ਬੈ ਕਰਦਿਆਂ ਹਾਰ ਦਿੱਤਾ? ਅਣਖੀਲੇ ਸੂਰਬੀਰ ਸ਼ਹੀਦਾਂ ਦੇ ਲਹੂ ਨਾਲ ਲਿਖੀ ਤਾਰੀਖ ਤੇ ਤਕਦੀਰ; ਤੁਸਾਂ ਇਕ ਅਕਾਲ ਨੂੰ ਭੁਲਾ ਕੇ ਪੱਥਰ ਪੂਜ ਤਿਲਕਧਾਰੀਆਂ ਦੀ ਗੁਲਾਮੀ ਵਿਚ ਅਸਲੋਂ ਰੋਲ ਸੁੱਟੀ? ਤੁਹਾਨੂੰ ਤਾਂ ਮੈਂ ਕੌਮੀ ਸੇਵਾ ਲਈ ਗਿੱਦੜੋਂ ਸ਼ੇਰ ਬਣਾਇਆ ਸੀ। ਸਵਾ ਲੱਖ ਦਾ ਮੂੰਹ ਭਵਾਉਣ ਵਾਲੀ ਜੁਰੱਅਤ ਤੇ ਦਲੇਰੀ ਕਿੱਥੇ ਬੈ ਕਰ ਆਏ? ਖੋਟੇ ਹੋਏ ਬ੍ਰਾਹਮਣਵਾਦ ਨੂੰ ਮੁੱਢੋਂ ਨਕਾਰ ਕੇ ਮੈਂ ਤਾਂ ਤੁਹਾਨੂੰ ਇਕ ਅਕਾਲ ਦੇ ਲੜ ਲਾਇਆ ਸੀ। ਭੁੱਲੜੋ! ਨਿਰੰਕਾਰ ਵੱਲ ਪਿੱਠ ਭਵਾਈ ਤੇ ਦੁਸ਼ਮਣ ਦੇ ਝੂਠੇ ਲਾਰਿਆਂ ਦੀਆਂ ਜੂਠੀਆਂ ਪੱਤਲਾਂ ਚੱਟਣੀਆਂ ਸ਼ੁਰੂ ਕਰ ਦਿੱਤੀਆਂ? ਤੁਸਾਂ ਸੁੱਚੇ ਅੰਮ੍ਰਿਤ ਦੇ ਗੌਰਵ ਤੇ ਹੀਣੀ ਗੁਲਾਮੀ ਦੇ ਫਰਕ ਤੱਕ ਨੂੰ ਨਾ ਸਮਝਿਆ? ਗਿੱਦੜੋਂ ਸ਼ੇਰ ਤੇ ਬੰਦ ਬੰਦ ਕਟਵਾਉਣ ਵਾਲੀ ਜੁਰੱਅਤ ਤੇ ਦਲੇਰੀ ਕਿੱਥੇ ਗਵਾਚ ਗਈ? ਚੰਗਾ ਸੀ, ਐਨਾ ਕਹਿ ਕੇ ਖਹਿੜਾ ਛੁਡਾ ਲੈਂਦੇ : "ਤੂੰ ਸਾਡਾ ਆਗੂ ਗੁਰੂ ਨਹੀਂ ਤੇ ਅਸੀਂ ਤੇਰੇ ਸਿੱਖ ਨਹੀਂ।"

ਹੁਣ ਸ਼ਰਮਾਂ ਮਾਰੀ ਖਾਮੋਸ਼ੀ ਕੀ ਕਹੇ। ਡਿੱਗੀਆਂ ਧੌਣਾਂ ਚੁੱਕ ਕੇ ਆਪਣੇ ਗੁਰੂ ਨੂੰ ਜਵਾਬ ਦੇਵੋ। ਸਾਰਾ ਪਰਿਵਾਰ ਤੁਹਾਡੀ ਸਲਾਮਤੀ ਖਾਤਰ ਸ਼ਹੀਦ

ਕਰਵਾਉਣ ਵਾਲਾ ਹਿਸਾਬ ਮੰਗਦਾ ਏ? ਸ਼ਾਨਾਂ ਮੱਤੀਆਂ ਉੱਚੀਆਂ ਕੀਤੀਆਂ ਧੌਣਾਂ, ਨੀਵੀਆਂ ਕਿਉਂ ਪਾ ਗਈਆਂ? ਸਿੱਖੀ ਸਿਦਕ ਦੀ ਚੜ੍ਹਤ ਕਿੱਥੇ ਗਵਾਚ ਗਈ? ਸੁੱਚੇ ਅਮਲ ਕੁਰਾਹੇ ਤੇ ਹਾਲੋਂ ਬੇਹਾਲ ਕਿਉਂ ਹੋ ਗਏ? ਜਿਨ੍ਹਾਂ ਦੀ ਇੱਜ਼ਤ ਆਬਰੂ ਬਚਾਉਣ ਲਈ ਸਾਡੇ ਬਜ਼ੁਰਗ ਸ਼ਹੀਦ ਹੁੰਦੇ ਰਹੇ; ਉਨ੍ਹਾਂ ਦੇ ਗਲਤ ਢਹੇ ਚੜ੍ਹੇ ਸਾਡੇ ਆਗੂਆਂ ਸਿੱਖੀ ਦਾ ਤੱਤ ਸਿਦਕ ਮੁੱਢੋਂ ਹੀ ਵੇਚ ਧਰਿਆ। ਪੰਜਾਬ ਦੀ ਮਾਰੀ ਕੁੱਟੀ ਤੇ ਬੇਪਤ ਹੋਈ ਤਾਰੀਖ, ਗਲ ਪਈਆਂ ਜ਼ੁਲਫਾਂ ਨਾਲ ਵੈਣ ਪਾ ਰਹੀ ਹੈ:

"ਅੱਜ ਮੇਰਾ ਕੋਈ ਨਹੀਂ ਹੈ ਜੀ, ਸਿਰ ਤੋਂ ਚੁੰਨੀ ਲਹਿ ਗਈ ਜੀ।"

ਏਮਨਾਬਾਦ ਦੀ ਖੂਨੀ ਕਤਲਾਮ ਸਮੇਂ, ਗੁਰੂ ਨਾਨਕ ਦੇਵ ਜੀ ਨੇ ਬਾਬਰ ਦੀ ਚੱਕੀ ਪੀਂਹਦਿਆਂ, ਭਾਈ ਲਾਲੋ ਯਾਰ ਨੂੰ ਆਖਿਆ ਸੀ:

"ਕੂੜ ਫਿਰੇ ਪ੍ਰਧਾਨ ਵੇ ਲਾਲੋ!"

ਓਸੇ ਗੁਰੂ ਦਾ ਹੋਕਾ, ਮੈਂ ਪੰਜਾਬ ਦੇ ਭੁੱਲੜ ਦਰਦਮੰਦਾਂ ਨੂੰ ਦੇ ਰਿਹਾ ਆਂ। ਜ਼ੁਲਮ ਦੀ ਧਾਹ੍ਹ ਪੱਕੇ ਕਿਲ੍ਹਿਆਂ ਦੀਆਂ ਕੰਧਾਂ ਪਾੜ ਕੇ ਵੀ ਬਾਹਰ ਆਉਂਦੀ ਰਹੀ ਐ। ਜ਼ੁਲਮ ਦੇ ਲਹੂ ਲਿਬੜੇ ਹੱਥ, ਹਸਦੇ ਵਸਦੇ ਸੱਚ ਦਾ ਜ਼ੋਰੋ ਜ਼ੋਰ ਗਲ੍ਹ ਘੁੱਟਦੇ ਆਏ ਹਨ। ਪਰ ਸੱਚ ਦਾ ਤੇਜ਼ ਪ੍ਰਤਾਪ ਸੂਰਜ, ਹਰ ਤਰ੍ਹਾਂ ਦੇ ਜ਼ਬਰਾਂ, ਜ਼ੁਲਮਾਂ ਦਾ ਹਨ੍ਹੇਰਾ ਪਾੜ ਕੇ ਹਰ ਹਾਲ ਬਾਹਰ ਆਉਂਦਾ ਰਿਹਾ ਹੈ। ਇਹ ਕੁਦਰਤੀ ਸੱਚ, ਮਹਾਂਬਲੀ ਹਰਨਾਖਸ਼ਾਂ ਤੋਂ ਵੀ ਕਿਸੇ ਤਰ੍ਹਾਂ ਕੱਟਿਆ ਵੱਢਿਆ ਨਹੀਂ ਗਿਆ। ਸਮੇਂ ਦੇ ਤਾਰੀਖੀ ਸੱਚ ਨੂੰ, ਹਰ ਤਰ੍ਹਾਂ ਦੇ ਫੰਨੇ ਖਾਂ ਮਹਾਬਲੀਆਂ ਦੀਆਂ ਤਲਵਾਰਾਂ ਤੇ ਬਰਛੀਆਂ ਵੀ ਨਹੀਂ ਕੱਟ ਸਕੀਆਂ। ਸੱਚ ਦਾ ਹੋਕਾ ਗੁਰੂ ਨਾਨਕ ਨੇ ਲਾਲੋ ਯਾਰ ਅੱਗੇ ਸ਼ਹਾਦਤ ਵਜੋਂ ਨਿਧੜਕ ਰੱਖ ਦਿੱਤਾ ਸੀ। ਸੱਚ ਦੀ ਇਸ ਨੰਗੀ ਨਿਧੜਕਤਾ ਅੱਗੇ, ਬਾਬਰ ਦੀ ਲਹੂ ਲਿਬੜੀ ਤਲਵਾਰ ਨੂੰ ਸਜਦਾ ਕਰਨਾ ਪਿਆ ਸੀ। ਫਿਰ ਇਸ ਸੱਚ ਨੂੰ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਨੇ ਲੋਕ ਕਲਿਆਣ ਦੇ ਰਾਹ ਪਾਇਆ। ਸ਼ਹਾਦਤਾਂ ਦੇ ਉਸ ਸਰਦਾਰੇ ਆਜ਼ਮ ਨੂੰ ਸਮੇਂ ਦੀ ਤਾਰੀਖ ਪਰਨਾਮਾਂ ਕਰਦੀ ਨਹੀਂ ਥੱਕਦੀ। ਜਿੱਥੇ ਸੱਚ ਦੀ ਕੁਰਬਾਨੀ ਮੋਰਚਾ ਆ ਮੱਲੇ, ਤਾਰੀਖ ਉਸ ਦਾ ਦਮਕਦਾ ਮੱਥਾ ਲਾਲ ਚੰਦਨ ਨਾਲ ਸ਼ਿੰਗਾਰਦੀ ਹੈ। ਤਾਰੀਖ ਨੇ ਸਦਾ ਸੱਚ ਦੀ ਬੈਅਤ ਕੀਤੀ ਹੈ। ਸੱਚ ਦੇ ਸਿਰੜ ਨੇ ਵਾਰ ਵਾਰ ਸਿਰ ਤਾਂ ਕਟਵਾਇਆ ਪਰ ਜ਼ੁਲਮ ਅੱਗੇ ਝੁਕਾਇਆ ਨਹੀਂ। ਸੱਚ ਦਾ ਆਹੂਤੀ ਵਜੋਂ ਕਟਵਾਇਆ ਸਿਰ, ਮੁੜ ਤੇਜ਼ ਪ੍ਰਤਾਪ ਸੂਰਜ ਬਣ ਕੇ ਚੜ੍ਹਦਾ ਰਿਹਾ ਹੈ। ਝੂਠ ਨੇ ਸਦਾ ਕੂੜ ਦਾ ਵਪਾਰ ਕੀਤਾ ਤੇ ਸੱਚ ਸਦਾ ਜ਼ਿੰਦਗੀ ਦਾ ਪਾਲਕ ਪਿਤਾ ਬਣਿਆ ਰਿਹਾ।

ਬਾਹਰਲੇ ਤੇ ਅੰਦਰਲੇ ਪੰਜਾਬੀ ਭਰਾਓ! ਅੱਜ ਮੈਂ ਬੜੀ ਹਲੀਮੀ ਨਾਲ ਪੁੱਛਦਾ ਆਂ, ਸਾਡਾ ਉਹ ਮਨੁੱਖ ਹਤੈਸ਼ੀ ਤੇ ਸਦਾ ਨਿਡਰ ਸੱਚ ਕਿੱਥੇ ਗਵਾਚ ਗਿਆ? ਅੱਜ ਸਾਡੀ ਉਹ ਸਿਰੜੀ ਮਿਹਨਤ ਤੇ ਉਸਾਰੂ ਸੋਚ, ਗੁਲਾਮਾਂ ਦੀ ਗੁਲਾਮ ਨਹੀਂ ਹੋ ਗਈ? ਸੂਰਮਾ ਤੇ ਅਣਥੱਕ ਕਾਮਾ ਪੰਜਾਬ, ਅਮੀਰ ਦੇਸਾਂ ਨੂੰ ਮਜਬੂਰੀ ਮੂੰਹ ਅਣਖਾਂ ਤੇ ਤਾਰੀਖੀ ਰਵਾਇਤਾਂ ਗਵਾ ਕੇ ਕਿਉਂ ਉਜੜੀ ਜਾ ਰਿਹਾ ਹੈ? ਆਜ਼ਾਦੀ ਦੀ ਜੰਗ ਵਿਚ ਮੋਹਰੀ ਹੋ ਕੇ, ਕੁਲ ਇਕ ਸੌ ਤੇਰ੍ਹਾਂ ਫਾਂਸੀਆਂ ਵਿਚੋਂ ਤਰਾਨਵੇਂ ਫਾਂਸੀਆਂ ਡੇਢ ਫੀਸਦੀ ਸਿੱਖਾਂ ਨੇ ਜੈਕਾਰੇ ਛੱਡਦਿਆਂ ਨਹੀਂ ਦਿੱਤੀਆਂ? ਪੂਜਨੀਕ ਗਦਰੀ ਬਾਬਿਆਂ ਦੀਆਂ ਬੇਮਿਸਾਲ ਕੁਰਬਾਨੀਆਂ, ਸਾਡੇ ਨੌਜਵਾਨਾਂ ਸ. ਕਰਤਾਰ ਸਿੰਘ ਸਰਾਭਾ, ਸ. ਭਗਤ ਸਿੰਘ ਖਟਕੜ ਤੇ ਸ. ਊਧਮ ਸਿੰਘ ਸਨਾਮ [ਜਿਸ ਦੀ ਬਹਾਦਰੀ ਤੇ ਕੁਰਬਾਨੀ ਦੀ ਅਡੋਲਫ ਹਿਟਲਰ ਨੇ ਵੀ ਰੇਡੀਓ ਤੋਂ ਤਾਰੀਫ ਕੀਤੀ ਸੀ] ਦੀਆਂ ਫਾਂਸੀਆਂ ਗੱਦੀਦਾਰ ਕਾਂਗਰਸੀ ਗਦਾਰਾਂ ਰੋਲ ਕੇ ਨਹੀਂ ਰੱਖ ਦਿੱਤੀਆਂ? ਅੱਜ ਉਨ੍ਹਾਂ ਸੂਰਮੇ ਸ਼ਹੀਦ ਦੇਸ ਭਗਤਾਂ ਦੀ ਔਲਾਦ, ਜਿਹੜੇ ਭੁੱਖੇ ਹਿੰਦੁਸਤਾਨ ਨੂੰ ਰੋਟੀ ਦਿੰਦੀ ਹੈ; ਆਪਣੀ ਭੁੱਖ ਨੂੰ ਝੁਲਕਾ ਦੇਣ ਲਈ, ਪ੍ਰਦੇਸਾਂ ਨੂੰ ਨਹੀਂ ਉਜੜੀ ਜਾ ਰਹੀ? ਅੰਗਰੇਜ਼ ਦੇ ਰਾਜ ਵਿਚ ਗੁਲਾਮ ਪੰਜਾਬ ਰੱਜ ਕੇ ਰੋਟੀ ਖਾਂਦਾ ਸੀ; ਪਰ ਦੇਸ ਆਜ਼ਾਦ ਹੋ ਜਾਣ ਪਿੱਛੋਂ ਭੁੱਖਾਂ ਮਾਰਿਆ, ਪ੍ਰਦੇਸਾਂ ਦੇ ਧੱਕੇ ਕਿਉਂ ਖਾ ਰਿਹਾ ਹੈ? ਜਿਸ ਆਜ਼ਾਦੀ ਲਈ ਪੰਜਾਬ ਨੇ ਅੱਸੀ ਫੀ ਸਦੀ ਸਿਰ ਦਿੱਤੇ; ਉਨ੍ਹਾਂ ਲਈ ਆਜ਼ਾਦੀ ਕਿਉਂ ਸਾਅੜਸਤੀ ਹੋ ਗਈ? ਬਾਹਰਲੇ ਸੂਬਿਆਂ ਦੀਆਂ ਧਾੜਾਂ ਧੱਕਾ ਦੇਈ ਪੰਜਾਬ 'ਤੇ ਕਿਉਂ ਚੜ੍ਹੀਆਂ ਆ ਰਹੀਆਂ ਹਨ? ਕੀ ਇਸ ਤਰ੍ਹਾਂ ਘੱਟ ਗਿਣਤੀ ਹੋਏ ਪੰਜਾਬੀਆਂ ਨੂੰ ਤਾਰੀਖ-ਜੁਗਰਾਫੀਏ ਦੇ ਪੰਨਿਆਂ ਤੋਂ ਨਹੀਂ ਲਾਹ ਦਿੱਤਾ ਜਾਵੇਗਾ? ਪੰਜਾਬੀ ਬੋਲਦੇ ਇਲਾਕੇ ਕੱਟ ਕੇ ਪੰਜਾਬ ਨੂੰ ਦਸ ਜ਼ਿਲ੍ਹਿਆਂ ਵਿਚ ਨਹੀਂ ਸਕੋੜ ਦਿੱਤਾ। ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਜਿਹੜੀ ਪੰਜਾਬੀ ਰੀਜਨ ਦੀ ਖਰੜ ਤਹਿਸੀਲ ਵਿਚ ਵਸਾਈ ਗਈ ਸੀ, ਆਪਣੇ ਹੀ ਕਾਨੂੰਨ ਦੀ ਖਿਲਾਫ ਵਰਜ਼ੀ ਕਰਕੇ ਕੇਂਦਰ ਕਿਉਂ ਮੱਲ ਮਾਰ ਬੈਠਾ? ਸਾਰੇ ਹਿੰਦੁਸਤਾਨ ਨੂੰ ਬੋਲੀ ਦੇ ਅਧਾਰ 'ਤੇ ਸੂਬਿਆਂ ਵਿਚ ਵੰਡਿਆ ਗਿਆ; ਪਰ ਇਹ ਕੌਮੀ ਪੈਮਾਨਾ ਤੇ ਅਸੂਲ ਪੰਜਾਬ 'ਤੇ ਆ ਕੇ ਹਿੰਦੂ ਸਿੱਖ ਫਿਰਕੂ ਕਿਵੇਂ ਹੋ ਗਿਆ? ਜੇ ਸਰਕਾਰ ਹਿੰਦੂ ਸਿੱਖਾਂ ਦੀ ਗਿਣਤੀ ਦੀ ਵੰਡ ਕਰੇ ਤਾਂ ਨੈਸ਼ਨਲਿਸਟ; ਪਰ ਜੇ ਪੰਜਾਬੀ ਬੋਲੀ ਦੇ ਅਧਾਰ ਪੈਮਾਨੇ ਨੂੰ ਮੁੱਖ ਰੱਖਣ ਤਾਂ ਫਿਰਕਾਪ੍ਰਸਤ। ਲਓ ਕਰਾ ਲਓ ਨਿਆਂ, ਅੱਸੀ ਫੀ ਸਦੀ ਸਿਰ ਦੇ ਕੇ ਦੇਸ ਆਜ਼ਾਦ ਕਰਾਉਣ ਦਾ। ਬਹੁ-ਗਿਣਤੀ ਦਾ ਕੋਰਾ ਝੂਠ ਫੰਨੇ ਖਾਂ ਸੱਚ ਹੋ ਗਿਆ।

ਪੰਜਾਬੀਓ! ਤੁਹਾਨੂੰ ਨਿਰਾ ਪੁਰਾ ਇਕ ਗੁਠ ਵਿਚ ਦਬ ਕੇ ਨਹੀਂ ਰੱਖਿਆ ਗਿਆ? ਸੱਚ ਇਹ ਹੈ, ਤੁਹਾਡਾ ਸਿਰ ਹਰ ਪੱਖੋਂ ਗੋਡੇ ਹੇਠ ਨੱਪ ਕੇ ਰੱਖਿਆ ਹੈ। ਕੀ ਇਸ ਤਰ੍ਹਾਂ ਦੇ ਉਜਾੜੇ ਉਧਾਲੇ ਦਾ ਨਾਂ ਕੋਸ਼ ਵਿਚ ਆਜ਼ਾਦੀ ਲਿਖਿਆ ਹੈ? ਬਚੀ ਖੁਚੀ ਅਣਖ ਵਾਲੇ ਪੰਜਾਬੀਓ, ਤਾਰੀਖੀ ਗਲਤੀਆਂ ਤੇ ਗਦਾਰੀਆਂ ਉੱਤੇ ਅੰਗੂਠੇ ਲਾਉਣ ਵਾਲੀ ਪੰਜਾਬ ਕਾਂਗਰਸ ਨੂੰ ਹੁਣ ਕੀ ਆਖੋਗੇ? ਭੁੱਲੜ ਤੇ ਗਦਾਰ ਤਾਂ ਬਹੁਤ ਛੋਟੇ ਸ਼ਬਦ ਹਨ। ਪੰਜਾਬ ਦੀ ਅਮੋਲ ਦੌਲਤ, ਦਰਿਆ, ਰਾਜਸਥਾਨ, ਹਰਿਆਣੇ ਤੇ ਦਿੱਲੀ ਨੇ ਮੁਫਤ ਵਿਚ ਹੀ ਲੁੱਟ ਲਏ। ਵੱਟੇ ਵਿਚ ਪੰਜਾਬ ਦੇ ਕਾਂਗਰਸੀਆਂ ਲਈਆਂ ਆਪਣੀਆਂ ਹੀ ਵਜ਼ਾਰਤਾਂ। ਪਾਣੀ ਵਾਲੀ ਸਸਤੀ ਬਿਜਲੀ ਪੰਜਾਬ ਕਾਂਗਰਸ ਵਜ਼ਾਰਤ ਨੇ ਦਿੱਲੀ ਬਿੱਲੀ ਨੂੰ ਮੁਫਤ ਵਿਚ ਬਖਸ਼ ਦਿੱਤੀ। "ਮਾਂ ਭੁੱਖੀ ਮਰੀ ਬਾਸੇ ਟੁਕੜਿਆਂ ਤੋਂ, ਪੁੱਤ ਪੂਰੀਆਂ ਦਾਨ ਕਰਾਉਂਦੇ ਨੇ।" ਆਪਣੇ ਅੰਨ੍ਹੇਰੇ ਘਰ ਦੀਵਾ ਬਾਲਣ ਦੀ ਸਮਰੱਥਾ ਨਹੀਂ। ਮਾਂ ਗੁਆਂਢੋਂ ਲੱਸੀ ਨੂੰ ਤਰਸਦੀ ਮਰ ਗਈ, ਪੁੱਤ ਲਵੇਰੀਆਂ ਦਾਨ ਕਰ ਰਹੇ ਐ।

ਦੇਖੋ ਜੱਟ ਦੀ ਅਕਲ ਗਈ, ਮਹਿੰ ਵੇਚ ਕੇ ਘੋੜੀ ਲਈ।
ਦੁੱਧ ਪੀਣੋ ਗਿਆ, ਲਿੱਦ ਸੁੱਟਣੀ ਪਈ।

ਇਹ ਹੈ ਪੰਜਾਬ ਦੀ ਕਾਂਗਿਆਰੀ ਕਾਂਗਰਸ ਕੇਂਦਰੀ ਬ੍ਰਾਹਮਣਵਾਦ ਦੀ ਅੰਗੂਠਾ ਛਾਪ ਵਫਾਦਾਰ ਤੇ ਪੰਜਾਬ ਦੇ ਹਿੱਤਾਂ ਦੀ ਮੁੱਢ ਕਦੀਮ ਤੋਂ ਜੱਦੀ ਦੁਸ਼ਮਣ। ਮੌਕਾ ਲੱਗਾ ਤਾਂ ਇਹਦੇ ਖੜਕਦੇ ਹੱਡ ਵੀ ਵੇਚ ਦੇਵੇਗੀ। ਕੇਂਦਰੀ ਕਾਂਗਰਸ ਨੇ ਦੇਸ ਦੀ ਆਜ਼ਾਦੀ ਲਈ ਅੱਸੀ ਫੀਸਦੀ ਦਿੱਤੀਆਂ ਕੁਰਬਾਨੀਆਂ ਤੇ ਭੁੱਖੇ ਹਿੰਦੁਸਤਾਨ ਦਾ ਆਪਣੀਆਂ ਅਣਥੱਕ ਮਿਹਨਤਾਂ ਨਾਲ ਢਿੱਡ ਭਰਨ ਦਾ ਇਨਾਮ, ਸਾਨੂੰ ਪੰਜਾਬੀਆਂ ਨੂੰ ਦਿੱਤਾ ਹੈ।

ਅੰਗਰੇਜ਼ ਸਾਨੂੰ ਸਿੱਖਾਂ ਨੂੰ ਹਿੰਦੂਆਂ ਮੁਸਲਮਾਨਾਂ ਬਰਾਬਰ ਤੀਜੀ ਕੌਮ ਮੰਨਦਾ ਸੀ। ਉਹ ਸਾਡੀ ਕੌਮੀ ਹੋਂਦ, ਦਿਲੋਂ ਕਾਇਮ ਰੱਖਣਾ ਚਾਹੁੰਦਾ ਸੀ ਪਰ ਸ. ਬਲਦੇਵ ਸਿੰਘ ਤੇ ਮਾ. ਤਾਰਾ ਸਿੰਘ ਦੀਆਂ ਖੁਦਗਰਜ਼ੀਆਂ, ਗਦਾਰੀਆਂ ਤੇ ਆਪਹੁਦਰੀਆਂ ਨੇ ਇਕ ਰਾਜ ਕਰਦੀ ਗੈਰਤਮੰਦ ਕੌਮ ਦੀਆਂ ਬੇੜੀਆਂ ਵਿਚ ਵੱਟੇ ਪਾਏ। ਬਲਦੇਵ ਸਿੰਘ ਨਾਂ ਦਾ ਡੀਫੈਂਸ ਮਨਿਸਟਰ ਹੋਣ ਕਾਰਨ ਨਹਿਰੂ ਦੀ ਬੁੱਕਲ ਵਿਚੋਂ ਨਾ ਨਿਕਲਿਆ। ਮਾ. ਤਾਰਾ ਸਿੰਘ ਲਾਹੌਰ ਦੇ ਮਹਾਸ਼ਿਆਂ ਦੀ ਪ੍ਰੈੱਸ ਦੇ ਹੱਥੀਂ ਚੜ੍ਹਿਆ, ਮੋੜਿਆ ਵੀ ਨਾ ਮੁੜਿਆ ਤੇ ਬਲਦੇਵ ਸਿੰਘ ਦੇ ਦਿੱਤੇ ਖੁੱਲ੍ਹੇ ਫੰਡ ਨਾਲ ਭਰਗਲਿਆ ਰਿਹਾ। ਇਨ੍ਹਾਂ ਦੋਹਾਂ ਦੀਆਂ ਪੰਜਾਬ ਵਿਰੋਧੀ ਧਰੋ ਗਲਤੀਆਂ ਤੇ ਆਪਹੁਦਰੀਆਂ ਨੇ ਇਕ ਬਹਾਦਰ ਕੌਮ ਦਲਦਲੀ ਤਬਾਹੀ ਵਿਚ ਲਿਆ ਸੁੱਟੀ। ਹੁਣ ਸਿੱਖ ਕੌਮ

ਰਾਜਨੀਤਕ ਪਛਤਾਵੇ ਖੁਣੋਂ ਮਾ. ਤਾਰਾ ਸਿੰਘ ਤੇ ਬਲਦੇਵ ਸਿੰਘ ਦੀ ਜਾਨ ਨੂੰ ਦੋਹੀਂ ਹੱਥੀਂ ਪਿੱਟ ਰਹੀ ਹੈ। ਗੁਜ਼ਰ ਗਿਆ ਵਕਤ ਤਾਂ ਕਿਸੇ ਵਲੀ ਦੇ ਹੱਥ ਨਹੀਂ ਆਇਆ ਮਰਨ ਲੱਗਾ ਬਲਦੇਵ ਸਿੰਘ ਧਾਹੀਂ ਰੋਂਦਾ ਸੀ, "ਮੈਂ ਇਕ ਬਹਾਦਰ ਕੌਮ ਗੁਲਾਮ ਬਣਾ ਚਲਿਆ ਆਂ।" ਡੀਫੈਂਸ ਮਨਿਸਟਰੀ ਦੀ ਗੱਦੀ ਤੋਂ ਲਾਹਿਆ ਹੀ ਪਛਤਾਵਾ ਕਰਦਾ ਮਰਿਆ। ਹੁਣ ਕੁਰਬਾਨੀਆਂ ਕਰਨ ਵਾਲੀ ਬਹਾਦਰ ਕੌਮ, ਗੁਲਾਮੀ ਦੇ ਹਸ਼ਰ ਨਾਲ ਖੇਰੂੰ ਖੇਰੂੰ ਹੋਈ ਭਟਕਦੀ ਫਿਰ ਰਹੀ ਹੈ। ਜੱਟ ਹਲ ਪਿੱਛੇ ਧਾਹ ਮਾਰਦਾ ਸੀ :-

"ਰੋ ਰੋ ਮਰ ਜਾਣਗੇ, ਵੈਰੀ ਜਿਨ੍ਹਾਂ ਦੇ ਮਾਪੇ।"

ਜੋ ਡੋਗਰਿਆਂ ਸਿੱਖ ਰਾਜ ਨਾਲ ਗਦਾਰੀਆਂ ਕੀਤੀਆਂ; ਇਸ ਕੌਮ ਘਾਤਕ ਗਦਾਰੀ ਅੱਗੇ ਕੁਝ ਵੀ ਨਹੀਂ ਸੀ। ਮਾ. ਤਾਰਾ ਸਿੰਘ ਦੀਆਂ ਆਪਹੁਦਰੀਆਂ ਨੇ ਰਾਜ ਕਰਦੀ ਕੌਮ ਨੂੰ ਗੁਲਾਮ ਬਣਾ ਕੇ ਰੱਖ ਦਿੱਤਾ। ਅਕਾਲੀਆਂ ਅਥਾਹ ਕੁਰਬਾਨੀਆਂ ਕਰਕੇ ਅੱਯਾਸ਼ ਮਹੰਤਾਂ ਤੋਂ ਗੁਰਦਵਾਰੇ ਆਜ਼ਾਦ ਕਰਵਾਏ; ਸਰਬੱਤ ਦੇ ਭਲੇ ਦਾ ਕਾਰਜ ਜਿੱਤਿਆ ਅਤੇ ਤਾਰੀਖੀ ਭੱਲ ਖੱਟੀ। ਉਸ ਜਿੱਤ ਪਿੱਛੋਂ ਮਾ. ਤਾਰਾ ਸਿੰਘ ਨੇ ਜਿੰਨੇ ਮੋਰਚੇ ਲਾਏ, ਸਿੱਖਾਂ ਦੇ ਹੱਡ ਤੁੜਵਾਏ, ਜੇਲ੍ਹਾਂ ਦੇ ਤਸੀਹੇ ਝੱਲੇ ਤੇ ਬੰਦੇ ਮਰਵਾਏ; ਇਕ ਵੀ ਕੌਮੀ ਭਲੇ ਦਾ ਕੰਮ ਨਹੀਂ ਕੀਤਾ। ਦੱਸੋ, ਖੱਟਿਆ ਕੀ? ਦੋਹਾਂ ਸੰਸਾਰ ਜੰਗਾਂ ਵਿਚ ਸਿੱਖਾਂ ਦੀਆਂ ਸ਼ਹਾਦਤਾਂ ਤੇ ਬਹਾਦਰੀਆਂ ਦਾ ਅਹਿਸਾਸ ਕਰਦਿਆਂ; ਅੰਗਰੇਜ਼ ਸਿੱਖ ਦਾ ਰਾਜਸੀ ਸੱਤਾ ਵਿਚ ਕੁਝ ਬਣਾਉਣਾ ਚਾਹੁੰਦਾ ਸੀ ਪਰ ਆਰੀਆ ਸਮਾਜ ਪ੍ਰੈੱਸ ਦੇ ਢਹੇ ਚੜ੍ਹੇ ਮਾ. ਤਾਰਾ ਸਿੰਘ ਤੇ ਅਨਾੜੀ ਬਲਦੇਵ ਸਿੰਘ ਨੇ ਅੰਗਰੇਜ਼ ਆਫਰ ਦੀ ਕੱਖ ਪ੍ਰਵਾਹ ਨਾ ਕੀਤੀ। ਸਿੱਖ ਕੌਮ ਦਾ ਬਣਦਾ ਹੱਕ ਤੇ ਕੌਮੀ ਭਵਿੱਖ ਮਹਾਸ਼ਾ ਦਲਦਲ ਵਿਚ ਗਰਕ ਕਰਕੇ ਰੱਖ ਦਿੱਤਾ। ਇਸ ਭੋਲੀ ਤੇ ਅਨਾੜੀ ਕੌਮ ਨੂੰ ਕੀ ਆਖਾਂ, ਜਿਹੜੀ ਕੌਮੀ ਗਦਾਰਾਂ ਨੂੰ ਹਾਲੇ ਵੀ ਸਿਰ ਤੇ ਚੁੱਕੀ, 'ਬੋਲੇ ਸੋ ਨਿਹਾਲ' ਦੇ ਨਾਅਰੇ ਮਾਰੀ ਜਾ ਰਹੀ ਐ।

ਅੰਮ੍ਰਿਤਸਰ ਦੇ ਸ਼੍ਰੋਮਣੀ ਕਮੇਟੀ ਦੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਮਤਾ ਪਾਸ ਕਰਕੇ, ਸਿੱਖ ਪੰਥ ਦੇ ਆਗੂਆਂ ਨੇ ਮਾ. ਤਾਰਾ ਸਿੰਘ ਨੂੰ ਮਿਸਟਰ ਜਿਨਾਹ ਨਾਲ ਸਿੱਖ ਕੌਮ ਦੇ ਭਵਿੱਖੀ ਬਚਾਅ ਲਈ ਗੱਲ ਕਰਨ ਵਾਸਤੇ ਪਟਿਆਲੇ ਭੇਜਿਆ। ਮਿਸਟਰ ਜਿਨਾਹ ਮਿੱਥੇ ਟਾਈਮ ਤੋਂ ਕਿਸੇ ਖ਼ਾਸ ਕਾਰਨ ਅੱਧਾ ਘੰਟਾ ਲੇਟ ਹੋ ਗਿਆ। ਮਾਸਟਰ ਨੇ ਜਿਨਾਹ ਦੀ ਉਡੀਕ ਵਿਚ ਕਾਹਲਾ ਪੈ ਕੇ ਸੋਚਿਆ: "ਅਸੀਂ ਸਿੱਖ, ਇਨ੍ਹਾਂ ਕਾਤਲ ਮੁਸਲਮਾਨਾਂ ਨਾਲ ਸਮਝੌਤਾ ਕਰਨ ਆਏ ਆਂ; ਜਿਨ੍ਹਾਂ ਗੁਰੂ ਗੋਬਿੰਦ ਸਿੰਘ ਦੇ ਮਾਸੂਮ ਬੱਚਿਆਂ ਤੱਕ

ਨੂੰ ਕਤਲ ਕੀਤਾ, ਜਿਨ੍ਹਾਂ ਦਾ ਗੁਨਾਹ ਹੀ ਕੋਈ ਨਹੀਂ ਸੀ?" ਤੇ ਝੱਟ ਹੀ ਗੁਸੈਲੇ ਜੋਸ਼ ਵਿਚ ਮਿਸਟਰ ਜਿਨਾਹ ਨੂੰ ਮਿਲੇ ਬਗੈਰ, ਜਜ਼ਬਾਤੀ ਭਰਗਲ ਵਿਚ ਪਟਿਆਲਿਓਂ ਨੱਠ ਆਇਆ। ਮਿਸਟਰ ਜਿਨਾਹ ਨੇ ਪਟਿਆਲੇ ਆ ਕੇ ਮਾ. ਤਾਰਾ ਸਿੰਘ ਦੇ ਬਿਨਾਂ ਮਿਲੇ ਤੁਰ ਜਾਣ ਉੱਤੇ ਬੜੇ ਦੁੱਖ ਨਾਲ ਆਖਿਆ :-

"ਸਿੱਖੋ, ਸਿੱਖੋ! ਮੈਂ ਕੀ ਕਰ ਸਕਦਾ ਆਂ, ਜਦੋਂ ਤੁਹਾਡੀ ਤਾਰੀਖੀ ਹਸਤੀ ਮਿਟਾਉਣ ਲਈ ਤੁਹਾਡੇ ਹੀ ਆਗੂ ਤੁਲੇ ਹੋਏ ਐ।"

ਮਾ. ਤਾਰਾ ਸਿੰਘ ਦੇ ਮਿਸਟਰ ਜਿਨਾਹ ਨੂੰ ਪਟਿਆਲੇ ਨਾ ਮਿਲ ਆਉਣ ਦਾ ਅਕਾਲੀ ਆਗੂਆਂ ਨੇ ਬੇਹੱਦ ਗਿਲਾ ਕੀਤਾ। ਸਮੁੰਦਰੀ ਹਾਲ ਦੀ ਮੀਟਿੰਗ ਵਿਚ ਮੈਂ ਜਸਵੰਤ ਸਿੰਘ ਕੰਵਲ, ਸ਼੍ਰੋਮਣੀ ਕਮੇਟੀ ਦਾ ਮੁਲਾਜ਼ਮ ਹੁੰਦਾ ਹਾਜ਼ਰ ਸਾਂ। ਉਸ ਰੌਲੇ ਵਿਚ ਹੀ ਸ. ਹਰੀ ਸਿੰਘ ਨਾਂ ਦੇ ਸਿੱਖ ਨੇ ਉੱਠ ਕੇ ਸਾਰੀ ਸੰਗਤ ਨੂੰ ਫਤਹਿ ਬੁਲਾਈ: ਪਾਕਿਸਤਾਨ ਬਣ ਜਾਣ ਨਾਲ ਸਿੱਖ ਕੌਮ ਦੋ ਥਾਂ ਹੋਈ, ਅਸਲੋਂ ਬੇਹਾਲ ਤੇ ਨਾਤਕਤੀ ਹੀ ਨਹੀਂ, ਅਸਲੋਂ ਗੁਲਾਮ ਹੁੰਦੀ ਸੀ। ਇਕ ਘੱਟ-ਗਿਣਤੀ, ਦੂਜੇ ਦੋ ਥਾਂ ਹੋਣ ਦਾ ਖਤਰਾ; ਕੌਮ ਨੂੰ ਅਸਲੋਂ ਨਾਤਾਕਤੀ ਗੁਲਾਮ ਕਰਦਾ ਸੀ। ਅੱਧੇ ਪਾਕਿਸਤਾਨ ਦੇ ਗੁਲਾਮ ਅੱਧੇ ਹਿੰਦੂਆਂ ਦੇ। ਇਸ ਸਥਿਤੀ ਵਿਚ ਸਿੱਖ ਕੌਮ ਦੇ ਹੋਸ਼ੋ ਹਵਾਸ ਮਾਰੇ ਪਏ ਸਨ। ਹਰੀ ਸਿੰਘ ਨੇ ਕਹਿਣਾ ਸ਼ੁਰੂ ਕੀਤਾ:-

"ਪਿਆਰੇ ਖਾਲਸਾ ਜੀ! ਮੈਂ ਮਿਸਟਰ ਜਿਨਾਹ ਨੂੰ ਮਿਲ ਕੇ ਆ ਰਿਹਾ ਆਂ...।" ਸ. ਹਰੀ ਸਿੰਘ ਦੇ ਏਨੀ ਆਖਣ ਨਾਲ ਹੀ ਹਾਲ ਵਿਚ ਜੁੜੀ ਸੰਗਤ ਨੇ ਸ਼ਾਂਤੀ ਨਾਲ ਕੰਨ ਚੁੱਕ ਲਏ। "ਮਿ. ਜਿਨਾਹ ਨੇ ਭਰੋਸੇ ਨਾਲ ਵਾਅਦਾ ਕੀਤਾ ਹੈ: 'ਤੁਸੀਂ ਆਓ ਸਰਦਾਰੋ! ਖੁੱਲ੍ਹੇ ਦਿਲ ਨਾਲ ਸਾਰੇ ਫਿਕਰ ਲਾਹ ਕੇ ਪਾਕਿਸਤਾਨ ਵਿਚ। ਪਾਕਿਸਤਾਨ ਵਿਚ ਤੁਹਾਡੀ ਹੋਵੇਗੀ ਅੰਦਰੂਨੀ ਤੌਰ 'ਤੇ ਪੱਕੀ ਖੁਦਮੁਖਤਾਰ ਸਟੇਟ ਤੇ ਉਸ ਦੀ ਰਾਜਧਾਨੀ ਹੋਵੇਗੀ ਲਾਹੌਰ। ਉਸ ਸਟੇਟ ਦੀ ਹੱਦ-ਹਦੂਦ ਦਾ ਰਕਬਾ ਹੋਵੇਗਾ, ਝਨਾਂ ਦਰਿਆ ਤੋਂ ਮਾਰਕੰਡਾ ਦਰਿਆ ਤੱਕ। ਜਿਸ ਵਿਚ ਹਿੰਦੂ ਹੋਣਗੇ ਚਾਲ੍ਹੀ ਫੀਸਦੀ, ਮੁਸਲਮਾਨ ਵੀ ਚਾਲੀ ਫੀਸਦੀ ਤੇ ਤੁਸੀਂ ਸਿੱਖ ਸਰਦਾਰ ਹੋਵੋਗੇ ਬੀਹ ਫੀਸਦੀ। ਮੈਂ ਦਾਅਵੇ ਨਾਲ ਆਖਦਾ ਆਂ, ਚਾਲੀ ਫੀਸਦੀ ਹਿੰਦੂ ਹਰ ਹਾਲ ਤੁਹਾਡੇ ਫੈਸਲਿਆਂ ਨਾਲ ਵੋਟ ਕਰਨਗੇ। ਵਾਹ ਲਗਦੀ ਉਹ ਸਿੱਖ ਹੀ ਬਣ ਜਾਣਗੇ। ਨਜ਼ਾਮ ਸਾਰੇ ਪਾਕਿਸਤਾਨ ਵਿਚ ਜਮਹੂਰੀ ਚੱਲੇਗਾ। ਤੁਹਾਡੀ ਹਰ ਤਰ੍ਹਾਂ ਹਿਫਾਜ਼ਤ ਲਈ ਮਿਲਟਰੀ ਵਿਚ ਬੀਹ ਫੀਸਦੀ ਪੱਕੀ ਭਰਤੀ ਹੋਵੇਗੀ। ਪਾਕਿਸਤਾਨ ਵਿਚ ਅੰਦਰੂਨੀ ਖੁਦਮੁਖਤਾਰੀ ਵਾਲੀ ਸਟੇਟ ਲੈ ਕੇ ਤੁਸੀਂ ਆਪਣੇ ਧਰਮ ਕਰਮ ਵਿਚ ਹਰ ਤਰ੍ਹਾਂ ਆਜ਼ਾਦ ਹੋਵੋਗੇ। ਆਪਣੀ ਆਜ਼ਾਦੀ ਲਈ ਪਾਕਿਸਤਾਨ ਵਿਚ ਕੋਈ ਹੋਰ

ਸੁਖਾਵੀਂ ਲੋੜ-ਸ਼ਰਤ ਦੱਸੋ।" ਸ. ਹਰੀ ਸਿੰਘ ਨੇ ਮਿਸਟਰ ਜਿਨਾਹ ਦਾ ਦਿਲ ਖੋਲ੍ਹ ਕੇ ਮੀਟਿੰਗ ਵਿਚ ਰੱਖ ਦਿੱਤਾ। "ਮੈਂ ਦੱਸੀਆਂ ਹੋਈਆਂ ਸ਼ਰਤਾਂ ਮਿ. ਜਿਨਾਹ ਨੂੰ ਮੰਨਵਾ ਕੇ ਆਇਆ ਆਂ। ਮੇਰੇ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਦੋ ਚਾਰ ਨੁਮਾਇੰਦੇ ਚੱਲ ਕੇ ਸਿੱਧੀ ਤਸੱਲੀ ਕਰ ਲੈਣ। ਜਿਨਾਹ ਆਖਦਾ ਸੀ, ਤੁਸੀਂ ਸਿੱਖ ਜੰਗਜੂ ਬਹਾਦਰ ਕੌਮ ਹੋ, ਖੇਤੀਬਾੜੀ ਲਈ ਵਧੀਆ ਕਿਸਾਨ ਹੋ। ਤੁਹਾਡੇ ਸ਼ਾਮਲ ਹੋਣ ਨਾਲ ਪਾਕਿਸਤਾਨ ਕੌਮੀ ਪੱਖੋਂ ਹੋਰ ਮਜ਼ਬੂਤ ਹੋਵੇਗਾ। ਇਸ ਤਰ੍ਹਾਂ ਸਾਡੀਆਂ ਜ਼ਮੀਨਾਂ ਸਾਡੇ ਹੱਥ ਰਹਿਣਗੀਆਂ। ਹੁਣ ਸਾਰਾ ਅਕਾਲੀ ਦਲ ਗੁਰੂ ਦੀ ਹਜ਼ੂਰੀ ਵਿਚ ਬੈਠਾ ਹੈ। ਮੇਰੀ ਬੇਨਤੀ ਹੈ, ਪਾਟ ਕੇ ਦੋ ਥਾਂ ਹੋਏ, ਦੋਹਾਂ ਦੇ ਗੁਲਾਮ ਹੋਵਾਂਗੇ ਤੇ ਅਸਲੋਂ ਨਾਤਾਕਤੇ। ਮੇਰੀ ਬੇਨਤੀ ਹੈ, ਇਸ ਤਰ੍ਹਾਂ ਅਸੀਂ ਸਿੱਖ ਮੋਟੇ ਤੌਰ 'ਤੇ ਇਕ ਥਾਂ ਜੁੜੇ ਇਕ ਸ਼ਕਤੀ ਬਣੇ ਰਹਿ ਸਕਾਂਗੇ। ਨਹੀਂ, ਪਾਕਿਸਤਾਨ ਤੇ ਹਿੰਦੁਸਤਾਨ ਦੇ ਦੋ ਵੱਡੇ ਰਾਜਾਂ ਵਿਚ ਅੱਧੋ-ਅੱਧ ਗੁਲਾਮ ਹੋਏ ਕੁੱਟ ਹੀ ਖਾਵਾਂਗੇ। ਮੈਨੂੰ ਪੱਕਾ ਭਰੋਸਾ ਹੈ ਗੁਰੂ 'ਤੇ, ਅਸੀਂ ਪਾਕਿਸਤਾਨ ਵਿਚ ਮਿਸਟਰ ਜਿਨਾਹ ਦੀ ਆਫਰ ਨਾਲ ਇਕ ਥਾਂ ਜੁੜੇ ਰਾਜਸੀ ਤਾਕਤ ਬਣ ਜਾਵਾਂਗੇ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।" ਏਨੀਆਂ ਬੇਨਤੀਆਂ ਕਰਕੇ ਸ. ਹਰੀ ਸਿੰਘ ਆਪਣੀ ਥਾਂ ਬਹਿ ਗਿਆ।

ਸਮੁੰਦਰੀ ਹਾਲ ਵਿਚ ਜੁੜੇ ਇਕੱਠ ਨੇ ਪੂਰੇ ਜੋਸ਼ ਨਾਲ ਪੰਜ ਜੈਕਾਰੇ ਛੱਡੇ। ਉਤਸ਼ਾਹ ਦੇ ਨਜ਼ਾਰੇ ਵੇਖਣ ਵਾਲੇ ਸਨ। ਸਭਨਾਂ ਦੇ ਚਿਹਰਿਆਂ ਉੱਤੇ ਲਾਲੀਆਂ ਚੜ੍ਹ ਆਈਆਂ। ਡੁੱਬਦਿਆਂ ਖੁਰਦਿਆਂ ਨੂੰ ਮਸੀਂ ਕਿਨਾਰਾ ਹੱਥ ਲੱਗਾ ਸੀ ਪਰ ਮਾ. ਤਾਰਾ ਸਿੰਘ ਤਿੰਨ ਫੁੱਟੀ ਕ੍ਰਿਪਾਨ 'ਤੇ ਭਾਰ ਪਾਉਂਦਾ ਵਿਰੋਧ ਵਿਚ ਉੱਠ ਕੇ ਖਲੋ ਗਿਆ।

"ਜਿਨ੍ਹਾਂ ਦਸਮ ਪਾਤਸ਼ਾਹ ਦੇ ਬੇਗੁਨਾਹ ਤੇ ਮਾਸੂਮ ਬੱਚਿਆਂ ਨੂੰ ਕਤਲ ਕੀਤਾ ਹੈ; ਮੈਨੂੰ ਉਨ੍ਹਾਂ ਦੀ ਖੋਟੀ ਨੀਅਤ ਵਾਲੀ ਆਫਰ ਪ੍ਰਵਾਨ ਨਹੀਂ। ਅੱਜ ਦੇ ਮੇਮਣੇ, ਕਲ ਦੇ ਬਘਿਆੜ।"

ਪਰ ਸਾਰੇ ਹਾਲ ਨੇ ਮਾ. ਤਾਰਾ ਸਿੰਘ ਦੀ ਦਲੀਲ ਠੁਕਰਾ ਦਿੱਤੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਗਿ. ਕਰਤਾਰ ਸਿੰਘ ਲਾਇਲਪੁਰੀ ਨੇ ਫਤਹਿ ਬੁਲਾ ਕੇ ਆਖਣਾ ਸ਼ੁਰੂ ਕਰ ਦਿੱਤਾ :-

"ਪਿਆਰੀ ਸਾਧ ਸੰਗਤ ਜੀ, ਸ. ਹਰੀ ਸਿੰਘ ਦੀ ਲਿਆਂਦੀ ਤਜਵੀਜ਼ ਨਾਲ ਅਸੀਂ ਰਾਵੀ ਪਾਰ ਦੇ ਸਾਰੇ ਸਿੱਖ ਪੂਰੀ ਤਰ੍ਹਾਂ ਸਹਿਮਤ ਆਂ। ਸਾਡਾ ਦੋ ਬਘਿਆੜਾਂ ਸੰਨ੍ਹ ਇਕੱਠੇ ਰਹਿਣ ਵਿਚ ਹੀ ਭਲਾ ਤੇ ਬਚਾਅ ਹੈ। ਦੋ ਦੇਸਾਂ ਵਿਚ

ਵੱਖਰੇ ਹੋ ਕੇ ਸਾਡੀ ਰਾਜਸੀ ਤਾਕਤ ਹੀ ਸਿਫਰ ਨਹੀਂ ਹੁੰਦੀ; ਅਸਲੋਂ ਭੈੜੀ ਗੁਲਾਮੀ ਵੀ ਗਲ ਪੈਂਦੀ ਐ। ਅਸੀਂ ਦੋ ਦੇਸਾਂ ਵਿਚ ਵੰਡੇ ਸਿੱਖ, ਪਾਣੀ ਵਿਚ ਲੂਣ ਦੀ ਡਲੀ ਵਾਂਗ ਖੁਰ ਜਾਵਾਂਗੇ। ਇਕ ਥਾਂ ਜੁੜ ਕੇ ਰਹਿਣ ਨਾਲ ਅਸੀਂ ਦੋ ਵੱਡੀਆਂ ਸ਼ਕਤੀਆਂ ਵਿਚ ਪਾਸਕੂ ਤਾਕਤ ਬਣ ਸਕਦੇ ਆਂ। ਸੋ ਰਾਵੀ ਪਾਰਲੀ ਸੰਗਤ ਵੱਲੋਂ, ਮੈਂ ਸ. ਹਰੀ ਸਿੰਘ ਦੀ ਲਿਆਂਦੀ ਆਫਰ ਦਾ ਸਤਿਕਾਰ ਕਰਦਾ ਹਾਂ। ਸਾਡਾ ਬਚਾਅ ਇਕੱਠੇ ਰਹਿਣ ਵਿਚ ਹੈ। ਇਕੱਠੇ ਰਹਿਣਾ ਸ਼ਕਤੀ, ਦੋ ਥਾਂ ਹੋਏ ਕੁੱਟ ਖਾਂਦੇ ਬੇਇੱਜ਼ਤ ਵੀ ਹੋਵਾਂਗੇ। ਮੈਂ ਸਾਰੀ ਸੰਗਤ ਨੂੰ ਅਪੀਲ ਕਰਦਾ ਹਾਂ, ਸ. ਹਰੀ ਸਿੰਘ ਦੀ ਮਿਸਟਰ ਜਿਨਾਹ ਵੱਲੋਂ ਲਿਆਂਦੀ ਤਜਵੀਜ਼ ਜੈਕਾਰਿਆਂ ਨਾਲ ਪ੍ਰਵਾਨ ਕਰ ਲਈ ਜਾਵੇ ਅਤੇ ਸ. ਹਰੀ ਸਿੰਘ ਦਾ ਸੰਗਤ ਵੱਲੋਂ ਧੰਨਵਾਦ ਵੀ ਕੀਤਾ ਜਾਵੇ।" ਗਿ. ਕਰਤਾਰ ਸਿੰਘ ਦੀ ਅਪੀਲ 'ਤੇ ਸਾਰੇ ਹਾਲ ਨੇ ਇਕ ਤਰ੍ਹਾਂ ਸਰਬਸੰਮਤੀ ਨਾਲ ਹਾਮੀ ਭਰਨ ਵਜੋਂ ਇਕ ਹੋਰ ਜੈਕਾਰਾ ਛੱਡ ਦਿੱਤਾ।

[ਮੈਂ ਜਸਵੰਤ ਸਿੰਘ ਕੰਵਲ, ਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ ਮਰਨ ਤੋਂ ਪਹਿਲਾਂ ਆਖਦਾ ਆਂ। ਸ. ਹਰੀ ਸਿੰਘ ਦੀਆਂ ਬੇਨਤੀਆਂ ਕਰਨ ਸਮੇਂ ਮੈਂ ਸਮੁੰਦਰੀ ਹਾਲ ਵਿਚ ਮੌਜੂਦ ਸਾਂ। ਸਾਡੀ ਤਿੰਨ ਮੁਲਾਜ਼ਮਾਂ ਦੀ ਸੇਵਾ ਪਾਣੀ ਪਿਆਣ ਵਜੋਂ ਡਿਊਟੀ ਲੱਗੀ ਹੋਈ ਸੀ। ਕਿਉਂਕਿ ਸੰਨ ਪੰਤਾਲੀ, ਛਿਆਲੀ ਤੇ ਸੰਤਾਲੀ ਦੇ ਅਖੀਰ ਤੱਕ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਸਰਵਿਸ ਵਿਚ ਸੀ। ਮੇਰੀਆਂ ਹਾਜ਼ਰੀਆਂ ਰਜਿਸਟਰ ਵਿਚ ਵੇਖੀਆਂ ਜਾ ਸਕਦੀਆਂ ਹਨ]

ਤਾਰੀਖੀ ਤੌਰ ਤੇ ਮਾੜੀ ਕਿਸਮਤ ਸਿੱਖ ਕੌਮ ਦੀ, ਉਸ ਰਾਤ ਹੀ ਮਾ. ਤਾਰਾ ਸਿੰਘ ਦੇ ਬੰਦਿਆਂ, 'ਬੋਲੇ ਸੋ ਨਿਹਾਲ' ਦੇ ਨਾਅਰਿਆਂ ਨਾਲ ਸ. ਹਰੀ ਸਿੰਘ ਦੇ ਘਰ 'ਤੇ ਹਮਲਾ ਕਰ ਦਿੱਤਾ। ਸ. ਹਰੀ ਸਿੰਘ ਦੇ ਭਰਾ ਦੇ ਬੱਚਿਆਂ ਤੱਕ ਨੂੰ ਵੱਢ ਸੁੱਟਿਆ। ਉਸ ਕਤਲਾਮੀ ਭਗਦੜ ਵਿਚੋਂ ਸ. ਹਰੀ ਸਿੰਘ ਤੇ ਉਸ ਦੀ ਇਕ ਭਰਜਾਈ ਕੋਠੇ ਦੇ ਪਿਛਵਾੜੇ, ਲਮਕ ਕੇ ਛਾਲਾਂ ਮਾਰਦੇ ਮਸੀਂ ਬਚੇ। ਭੱਜਦੇ, ਹੌਂਕਦੇ ਅੰਮ੍ਰਿਤਸਰ ਲਾਹੌਰ ਵਾਲੀ ਪੱਕੀ ਸੜਕ ਆ ਚੜ੍ਹੇ। ਸੋਚਣ, ਅੰਮ੍ਰਿਤਸਰ ਗਏ ਤਾਂ ਮਾ. ਤਾਰਾ ਸਿੰਘ ਦੇ ਬੰਦਿਆਂ ਨਹੀਂ ਛੱਡਣਾ; ਲਾਹੌਰ ਲੀਗੀਆਂ ਦੇ ਅੜਿੱਕੇ ਆ ਜਾਵਾਂਗੇ? ਜੋ ਯੱਕੇ ਵਿਚ ਲਾਹੌਰ ਦੇ ਡੇਹਰਾ ਸਾਹਿਬ ਗੁਰਦਵਾਰੇ ਵਿਚ ਆ ਡਿੱਗੇ।

ਮੈਂ, ਦਾਸ ਜਸਵੰਤ ਸਿੰਘ ਕੰਵਲ ਨੇ ਸ. ਹਰੀ ਸਿੰਘ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਆਪਣੀ ਸਰਵਿਸ ਸਮੇਂ ਵੀ ਸੁਣਿਆ ਤੇ ਪਾਕਿਸਤਾਨ ਦੇ ਗੁਰਦਵਾਰਿਆਂ ਦੀ ਯਾਤਰਾ ਕਰਦਿਆਂ, ਉਸ ਨਾਲ ਦੋ ਵਾਰ ਇੰਟਰਵਿਊ ਵੀ

ਕੀਤੀ। ਉਸ ਦੀ ਸਪੱਸ਼ਟ ਕਹਿਣੀ ਦਾ ਸਾਲਮ ਗਵਾਹ ਹਾਲੇ ਮੈਂ ਜਿਉਂਦਾ ਹਾਂ। ਉਦੋਂ 'ਬੋਲੇ ਸੋ ਨਿਹਾਲ' ਦੇ ਨਾਅਰਿਆਂ ਤੇ ਦਮਗਜਿਆਂ ਸ਼ਹੀਦਾਂ ਦੀ ਕੌਮ ਦੀ ਬੇੜੀ ਵਿਚ ਵਧ ਚੜ੍ਹ ਕੇ ਵੱਟੇ ਹੀ ਪਾਏ ਪਰ ਸਵਾਰਿਆ ਕਿਸੇ ਕੱਖ ਨਹੀਂ। ਹਰ ਪੱਖੋਂ ਨਿਆਸਰੀ ਹੋਈ ਵਿਧਵਾ ਵੈਣ ਪਾਉਂਦੀ ਸੀ।

"ਕੀਹਨੂੰ ਰੋਵਾਂ ਤੇ ਕੀਹਨੂੰ ਸੁੱਟਾਂ ਪਿਛਾੜੀ, ਵੇ ਮੇਰੇ ਸਹੁਰੇ ਦਿਆ ਜਾਇਆ!"

ਮਾ. ਤਾਰਾ ਸਿੰਘ ਨੂੰ ਅੰਦਰੂਨੀ ਖੁਦਮੁਖਤਾਰੀ ਵਾਲੀ ਸਟੇਟ ਹਿੰਦੁਸਤਾਨ ਵਿਚ ਕੀਹਨੇ ਦੇਣੀ ਸੀ। ਉਲਟਾ ਨਹਿਰੂ ਨੇ ਫੜ ਕੇ ਜੇਲ੍ਹ ਵਿਚ ਤੁੰਨ ਦਿੱਤਾ। ਤਦ ਜਾ ਕੇ ਉਸ ਨੂੰ ਕਾਂਗਰਸੀ ਲਾਰਿਆਂ ਤੇ ਆਪਣੀਆਂ ਬੁਨਿਆਦੀ ਗਲਤੀਆਂ ਦਾ ਅਹਿਸਾਸ ਜਾਗਿਆ। ਉਦੋਂ ਤੱਕ ਹਾਲਾਤ ਦਾ ਪਾਣੀ ਸਮੁੰਦਰ ਵਿਚ ਜਾ ਪਿਆ ਸੀ। ਫਿਰ ਆਪਣੀਆਂ ਰਾਜਸੀ ਗਲਤੀਆਂ ਦੇ ਪਸ਼ਚਾਤਾਪ ਵਜੋਂ ਮਾ. ਤਾਰਾ ਸਿੰਘ ਨੇ ਡੇਹਰਾ ਸਾਹਿਬ ਲਾਹੌਰ ਗੁਰਦਵਾਰੇ ਅਖੰਡ ਪਾਠ ਜਾ ਕਰਵਾਇਆ। ਭੋਗ ਪਿੱਛੋਂ ਮਾ. ਤਾਰਾ ਸਿੰਘ ਨੇ ਜਿਉਂਦੇ ਸ. ਹਰੀ ਸਿੰਘ ਤੋਂ ਮਾਫੀ ਮੰਗੀ।

"ਤੂੰ ਸ. ਹਰੀ ਸਿਆਂ, ਠੀਕ ਸੋਚਦਾ ਸੀ। ਉਸ ਭਾਵੀ ਵਰਤਨ ਸਮੇਂ ਅਸੀਂ ਸਾਰੇ ਗਲਤ ਸਾਂ। ਸੱਚੀ ਗੱਲ ਅਸੀਂ ਨਹਿਰੂ ਬ੍ਰਾਹਮਣ ਦੇ ਇਤਬਾਰ ਵਿਚ ਮਾਰੇ ਗਏ। ਦੂਜੇ ਬਲਦੇਵ ਸਿੰਘ ਘੁੱਗੂ ਦੀ ਖਾਮੋਸ਼ੀ ਨੇ ਮਾਰ ਘੱਤੇ। ਨਹਿਰੂ ਨੇ ਸਿੱਖ ਕੌਮ ਨਾਲ ਵਚਨ ਦੇ ਕੇ ਧੋਖਾ ਕੀਤਾ। ਤੇਰਾ ਬੇਗੁਨਾਹ ਟੱਬਰ ਮਾਰਿਆ ਗਿਆ; ਤੂੰ ਮੈਨੂੰ ਮਾਫ ਕਰ ਦੇ?"

"ਮਾਸਟਰ ਜੀ! ਮੈਂ ਗੁਰਦਵਾਰੇ ਦੇ ਟੁਕੜੇ ਖਾਣ ਵਾਲਾ ਨਮਾਣਾ ਸਿੰਘ, ਤੁਹਾਨੂੰ ਸ਼੍ਰੋਮਣੀ ਅਕਾਲੀ ਦਲ ਦੇ ਸਰਬ ਸਰਬਾ ਨੂੰ ਕੀ ਮਾਫੀ ਦੇ ਸਕਦਾ ਆਂ। ਚੰਗਿਆਂ ਮੰਦਿਆਂ ਨੂੰ ਗੁਰੂ ਆਪੇ ਦੇਖੇਗਾ।" ਹਰੀ ਸਿੰਘ ਦੀ ਸੜ ਰਹੀ ਹਿੱਕ ਅੰਦਰ ਪੰਥ ਦਾ ਦਰਦ ਤੇ ਘਰ ਪਰਿਵਾਰ ਦੀ ਕਤਲਾਮ ਹਾਉਕੇਹਾਰ ਸੀ।

"ਮੈਨੂੰ ਮੁਸਲਮਾਨਾਂ ਦੇ ਜ਼ੁਲਮੀ ਰਾਜ ਨਾਲ ਬੇਹੱਦ ਨਫਰਤ ਸੀ; ਜਿਸ ਦਸਮ ਪਾਤਸ਼ਾਹ ਦੇ ਛੋਟੇ ਮਾਸੂਮ ਸਾਹਿਬਜ਼ਾਦਿਆਂ ਤੱਕ ਨੂੰ ਨੀਹਾਂ ਵਿਚ ਚਿਣ ਕੇ ਮਤਲ ਕੀਤਾ ਸੀ।" ਮਾਸਟਰ ਜੀ ਨੇ ਆਪਣੀ ਵੱਲੋਂ ਸਫਾਈ ਪੇਸ਼ ਕੀਤੀ।

"ਮਲੇਰਕੋਟਲੇ ਦਾ ਨਵਾਬ ਤਾਂ ਗੁਰੂ ਗੋਬਿੰਦ ਸਿੰਘ ਦੇ ਬੱਚਿਆਂ ਨੂੰ ਬਚਾਉਣ ਦੀਆਂ ਬੇਨਤੀਆਂ ਕਰਦਾ ਤਾਂ ਤੁਹਾਨੂੰ ਦੁਸ਼ਮਣ ਲੱਗਾ; ਪਰ ਗੰਗੂ ਬਾਹਮਣ ਸਾਰੇ ਸਿਆਪੇ ਦੀ ਜੜ੍ਹ, ਵੀਹ ਵਰ੍ਹੇ ਗੁਰੂ ਦਾ ਲੂਣ ਖਾਣ ਵਾਲਾ, ਮਾਸਟਰ ਜੀ ਤੁਹਾਨੂੰ ਕਿਉਂ ਨਾ ਦਿਸਿਆ? ਜਿਹੜਾ ਸਾਰੇ ਸਿਆਪਿਆਂ ਦੀ ਮੁਢਲੀ ਜੜ੍ਹ ਸੀ?" ਸਰਦਾਰ

ਹਰੀ ਸਿੰਘ ਨੇ ਠੋਸ ਸਚਾਈ ਦੀ ਤਿੱਖੀ ਧਾਰ, ਮਾਸਟਰ ਦੇ ਕਪਾਲ ਵਿਚ ਖਿੱਚ ਮਾਰੀ।

"ਤੂੰ ਸੱਚ ਆਖਦਾ ਏਂ ਸ. ਹਰੀ ਸਿਆਂ; ਅਸੀਂ ਤਾਂ ਬ੍ਰਾਹਮਣਾਂ ਦੇ ਇਤਬਾਰ ਵਿਚ ਮਾਰੇ ਗਏ। ਤੂੰ ਮੈਨੂੰ ਮਾਫ ਕਰ ਦੇ। ਮੈਂ ਤੇਰੇ ਮਾਰੇ ਗਏ ਪਰਿਵਾਰ ਲਈ ਸ੍ਰੀ ਅਖੰਡ ਪਾਠ ਕਰਾਵਾਂਗਾ।" ਮਾ. ਇਕ ਤਰ੍ਹਾਂ ਹਰੀ ਸਿੰਘ ਦੇ ਤਰਲੇ ਕਰ ਰਿਹਾ ਸੀ।

"ਮਾਸਟਰ ਜੀ!" ਲੋਹੜੇ ਦਾ ਗੁੱਸਾ ਹਰੀ ਸਿੰਘ ਅੰਦਰ ਕਲਵਲ ਹੋ ਰਿਹਾ ਸੀ। "ਖੁੰਝਿਆ ਵੇਲਾ ਤਾਂ ਪੈਗੰਬਰਾਂ ਦੇ ਹੱਥ ਨਹੀਂ ਆਇਆ। ਤੱਤੇ ਲੋਹੇ ਵਾਲੇ ਸਮੇਂ ਤੁਹਾਡੇ ਕੋਲੋਂ ਡੰਗ ਨਾ ਨਿਕਲਿਆ, ਹੁਣ ਠੰਢੇ ਅਖੰਡ ਪਾਠ ਕੀ ਸਵਾਰਨਗੇ? ਮੇਰੇ ਪਰਿਵਾਰ ਤੇ ਬੱਚਿਆਂ ਦੇ ਕਤਲਾਂ ਦਾ ਹਿਸਾਬ ਆਪੇ ਗੁਰੂ ਕਰੇਗਾ।" ਏਨੀ ਆਖਦਾ ਤੇ ਮਨੋ ਫਿਟਲਾਹਨਤ ਦਿੰਦਾ, ਉਹ ਆਪਣੀ ਅੱਧ ਟੁੱਟੀ ਮੰਜੀ ਤੇ ਜਾ ਡਿੱਗਾ।

ਹਜ਼ਾਰਾਂ ਲੱਖਾਂ ਕੁਰਬਾਨੀਆਂ ਕਰਨ ਵਾਲੀ ਕੌਮ, ਜਦੋਂ ਅਨਾੜੀਆਂ ਤੇ ਗਦਾਰਾਂ ਦੇ ਢਹੇ ਚੜ੍ਹ ਜਾਵੇ; ਉਹਦੇ ਬਚਾਅ ਲਈ ਰੱਬ ਵੀ ਸਿਰ ਫੇਰ ਦੇਂਦਾ ਏ। 1947 ਦੇ ਰਾਜਨੀਤਕ ਘੱਲੂਘਾਰੇ ਤੋਂ ਪਹਿਲਾਂ, ਜੇ ਸ਼੍ਰੋਮਣੀ ਅਕਾਲੀ ਦਲ ਇਕਮੁੱਠ ਹੋਇਆ, ਤੀਜੀ ਕੌਮ ਦੀ ਸੁਰੱਖਿਆ ਮੰਗਦਾ; ਅੰਗਰੇਜ਼ ਤਾਂ ਆਪ ਦੇਣ ਨੂੰ ਤਿਆਰ ਸੀ। ਸ. ਬਲਦੇਵ ਸਿੰਘ ਦਾ ਸਿਰ ਤਾਂ ਪਹਿਲਾਂ ਹੀ ਖੋਲਾ ਸੀ, ਡੀਫੈਂਸ ਮਨਿਸਟਰ ਬਣ ਜਾਣ ਤੇ ਤਾਂ ਅਕਲ ਦਾ ਦੁਆਲਾ ਹੀ ਨਿਕਲ ਗਿਆ। ਤੇ ਮਾ. ਤਾਰਾ ਸਿੰਘ ਆਰੀਆ ਸਮਾਜ ਭਾਵ ਲਾਹੌਰ ਦੀ ਹਿੰਦੂ ਪ੍ਰੈੱਸ ਦੀ ਖੁਸ਼ਾਮਦ ਦੇ ਢਹੇ ਚੜ੍ਹਿਆ, ਕਿਸੇ ਤਰ੍ਹਾਂ ਵੀ ਮੋੜਿਆਂ ਨਾ ਮੁੜਿਆ। ਸਿੱਖਾਂ ਨੂੰ ਕੌਮੀ ਸਲਾਮਤੀ ਦੇਣ ਵਾਲਾ ਅੰਗਰੇਜ਼ ਅਸਲੋਂ ਵਿਚਾਰਾ ਹੋ ਕੇ ਰਹਿ ਗਿਆ। ਉਨ੍ਹਾਂ ਦਾ ਕੋਈ ਕੀ ਇਲਾਜ ਕਰੇ: ਖੁਰੀ ਜਿਨ੍ਹਾਂ ਦੀ ਮੱਤ। ਵਾਹ ਕਿਸਮਤ ਦਿਆ ਬਲੀਆ: ਰਿੱਧੀ ਖੀਰ ਤੇ ਹੋ ਗਿਆ ਦਲੀਆ। ਡੋਗਰਿਆਂ ਦੀਆਂ ਗਦਾਰੀਆਂ ਨੇ ਸਿੱਖ ਰਾਜ ਗੰਵਾਇਆ ਸੀ; ਮਾ. ਤਾਰਾ ਸਿੰਘ ਤੇ ਬਲਦੇਵ ਸਿੰਘ ਦੀਆਂ ਆਪਹੁਦਰੀਆਂ ਬੇਵਕੂਫੀਆਂ ਨੇ ਕੌਮੀ ਹੱਕ ਵੀ ਵੇਚ ਧਰਿਆ। ਪਸ਼ੂ ਚਾਰਦਾ ਅਨਪੜ੍ਹ ਮੁੰਡਾ ਬੋਲੀ ਪਾਉਂਦਾ ਸੀ:-

"ਬੋਦੀ ਵਾਲਾ ਤਾਰਾ ਚੜ੍ਹਦਾ, ਘਰ ਘਰ ਹੋਣ ਵਿਚਾਰਾਂ।
ਕੁਸ਼ ਲੁੱਟ ਲੀ ਮੈਂ ਪਿੰਡ ਦਿਆਂ ਪੈਂਚਾਂ, ਕੁਸ਼ ਲੁੱਟ ਲੀ ਸਰਕਾਰਾਂ।
ਗਹਿਣੇ ਸਾਰੇ ਸਹੁਰਿਆਂ ਲਾਹ ਲਏ, ਜੋਬਨ ਲੈ ਲਿਆ ਯਾਰਾਂ।
ਭੇਡਾਂ ਚਾਰਦੀਆਂ, ਬੇਕਦਰਿਆਂ ਦੀਆਂ ਨਾਰਾਂ।"

ਰੱਬ ਵਰਗੇ ਪਾਠਕੋ, ਖੁਰ ਰਹੇ ਪੰਜਾਬੀਓ! ਜੇ ਝੂਠ ਹੈ ਤਾਂ ਦੱਸ ਦਿਓ? ਤੁਹਾਡੀ ਅਕਲ ਜਥੇਦਾਰਾਂ ਕੁੱਟ ਧਰੀ; ਹਿੰਮਤ ਤੇ ਅਣਖ ਪੰਜਾਬੀ ਕਾਂਗਰਸੀਆਂ ਪੰਜ ਸਾਲਾ ਅਹੁਦਿਆਂ ਪਿੱਛੇ ਵੇਚ ਦਿੱਤੀ। ਹੁਣ ਖੜਕਦੇ ਹੱਡ ਪ੍ਰਦੇਸਾਂ ਨੂੰ ਉੱਠ ਤੁਰੇ। ਪੰਜਾਬੀਓ! ਮੈਨੂੰ ਦੱਸੋ, ਸਮੇਂ ਨੂੰ ਜਵਾਬ ਦੇਵੋ? ਗੁਰੂ ਨਾਨਕ ਦਾ ਮੁਕਤੀ ਮਾਰਗ ਤੇ ਦਸਮ ਪਿਤਾ ਦੀਆਂ ਲਾਸਾਨੀ ਕੁਰਬਾਨੀਆਂ ਵਾਲਾ ਇਤਿਹਾਸ, ਕਿਹੜੇ ਖਾਰੇ ਖੂਹ ਪਾ ਚੱਲੇ ਓ?

ਮੇਰੇ ਅਨੁਮਾਨਾਂ ਤੇ ਵਿਚਾਰਾਂ ਅਨੁਸਾਰ ਦੁਸ਼ਮਣ ਨੇ ਸ੍ਰੀ ਅਕਾਲ ਤਖਤ ਢਾਹ ਕੇ ਤੇ ਸ੍ਰੀ ਦਰਬਾਰ ਸਾਹਿਬ ਤੇ ਕਾਂਗਰਸੀ ਰਾਜਾਂ ਵਿਚ ਕਤਲਾਮ ਮਚਾ ਕੇ, ਸਿੱਖਾਂ ਨੂੰ ਹਾਲੇ ਟਰੇਲਰ ਵਿਖਾਇਆ ਹੈ; ਪਰ ਭਵਿੱਖ ਦੀ ਤਬਾਹੀ ਖਾਮੋਸ਼ ਤਿਆਰੀ ਵਿਚ ਐ। ਕਦੇ ਬਹਾਦਰ ਰਹੇ ਸੂਰਮੇ ਸਰਦਾਰਾਂ ਦੇ ਪੁੱਤਰੋ ਸੁਣੋ! ਭਵਿੱਖ ਦੀ ਖੂਨੀ ਹਨੇਰੀ ਦੇ ਬਚਾਅ ਤੋਂ ਮੇਰੀ ਕਲਮ ਖਤਰੇ ਦੀਆਂ ਟੱਲੀਆਂ ਖੜਕਾ ਰਹੀ ਐ। ਵਰਤਮਾਨ ਦੇ ਵੱਟ-ਮਰੋੜ, ਭਵਿੱਖੀ ਤਬਾਹੀ ਦੇ ਤਰਜਮਾਨ ਹੁੰਦੇ ਹਨ। ਸਿੰਘੋ ਸਰਦਾਰੋ, ਫਨੀਅਰਾਂ ਨਾਲ ਯਾਰੀਆਂ, ਸਿਰ ਦੇ ਜੂੜੇ ਰਹਿਣੇ ਦੂਰ ਦੀ ਗੱਲ, ਮੈਨੂੰ ਤਾਂ ਸਿਰਾਂ ਤੋਂ ਪੱਗਾਂ ਲੱਥਦੀਆਂ ਮਹਿਸੂਸ ਹੋ ਰਹੀਆਂ ਹਨ। ਕੀ ਇਸ ਖੋਟੀ ਆਜ਼ਾਦੀ ਲਈ ਸਾਡੇ ਬਾਪੂਆਂ ਬੇਸ਼ੁਮਾਰ ਫਾਂਸੀਆਂ ਤੇ ਕਾਲੇ ਪਾਣੀਆਂ ਦੀਆਂ ਸਖਤ ਜੇਲ੍ਹਾਂ ਝੱਲੀਆਂ ਸਨ? ਸਾਰੀ ਦੇ ਗਦਾਰ ਕਾਂਗਰਸੀਓ ਤੇ ਅਕਲੋਂ ਖਾਲੀ ਕਾਲੇ ਅਕਾਲੀਓ! ਕਦੇ ਗੁਰੂ ਦੀ ਹਜ਼ੂਰੀ ਵਿਚ ਬਹਿ ਕੇ ਸੋਚਿਆ ਏ: "ਅਸੀਂ ਸਿਰ ਤਲੀ ਤੇ ਧਰਕੇ ਲੜਨ ਵਾਲੇ ਸੂਰਮੇ ਸ਼ਹੀਦਾਂ ਦੀ ਔਲਾਦ, ਗਰਕਾਬੀ ਦੇ ਕਿਹੜੇ ਪਾਏ ਨੂੰ ਪਹੁੰਚ ਗਏ ਆਂ? ਬੀਜੀ ਤਾਂ ਧਰਮ ਦੀ ਕਣਕ ਸੀ ਪਰ ਇਹ ਕੂੜ ਕਾਂਗਿਆਰੀ ਦੀ ਫਸਲ ਕਿੱਥੋਂ ਮੱਥੇ ਆ ਵੱਜੀ? ਗੁਰੂ! ਤੂੰ ਅਕਲ ਦਾ ਗੁਰ ਗਿਆਨ ਦੇਵੇਂ ਤਾਂ ਬਚਦੇ ਆਂ; ਨਹੀਂ ਸਿਵਿਆਂ ਦੀ ਧੂੜ ਨੇ ਅੰਨ੍ਹੇ ਬੋਲੇ ਤਾਂ ਕੀਤੇ ਈ ਪਏ ਆਂ। ਖੇਤ ਬੀਜਿਆ ਭੁਜਿਆਂ ਦਾਣਿਆਂ ਨੂੰ।

× × × × ×

ਪੰਜ ਪਿਆਰਿਆਂ ਦੀ ਕੁਰਬਾਨੀ ਪਰਖ ਕੇ ਸੂਰਮੇ ਜੋਧੇ ਗੁਰੂ ਗੋਬਿੰਦ ਸਿੰਘ ਨੇ ਲੋਕ ਯੁੱਧ ਛੇੜਨ ਲਈ ਸਿੱਖ ਕੌਮ ਦੀ ਨੀਂਹ ਰੱਖੀ। ਸਭ ਤੋਂ ਪਹਿਲਾਂ ਆਪਣਾ ਪਰਿਵਾਰ ਲੋਕ ਯੁੱਧ ਦੀ ਬਲੀ ਚਾੜ੍ਹਿਆ। ਮਾਂ-ਬਾਪ, ਚਾਰੇ ਪੁੱਤਰ ਤੇ ਪੁੱਤਰਾਂ ਵਰਗੇ ਹੀ ਹਜ਼ਾਰਾਂ ਸਿੰਘ ਕੌਮ ਦੀ ਨੀਂਹ ਤੇ ਉਸਾਰੀ ਲਈ ਕੁਰਬਾਨ ਕਰ ਦਿੱਤੇ। ਹਰ ਤਰ੍ਹਾਂ ਦੇ ਜ਼ੁਲਮ ਤੇ ਲੁੱਟ ਦਾ ਰਾਜ ਤੋੜ ਕੇ ਸਰਬਤ ਦੇ ਭਲੇ ਤੇ ਲੋਕ ਹਿੱਤਾਂ

ਦੇ ਰਾਜ ਦੀ ਸੇਧ ਖੜੀ ਕੀਤੀ। ਦਿਲ ਦੇ ਕਮੀਨੇ ਤੇ ਨੀਅਤ ਦੇ ਡੋਗਰਿਆਂ, ਸਿੱਖਾਂ ਦੇ ਸਾਂਝੇ ਲੋਕ ਰਾਜ ਨਾਲ ਦਗਾ ਕਮਾਇਆ। ਫਿਰ ਅੰਗਰੇਜ਼ਾਂ ਵਿਰੁੱਧ ਪਹਿਲੀ ਕੌਮੀ ਬਗਾਵਤ ਸ਼ੇਰਦਿਲ ਸਿੰਘ ਨੇ ਖੜੀ ਕੀਤੀ। ਨਾਮਧਾਰੀਆਂ ਨਾ ਮਿਲਵਰਤਨ ਲਹਿਰ ਚਲਾਈ ਤੇ ਮਲੇਰਕੋਟਲੇ ਵਿਚ ਨਿਡਰ ਬਹਾਦਰਾਂ, ਤੋਪਾਂ ਅੱਗੇ ਛਾਤੀਆਂ ਡਾਹੀਆਂ। ਗੁਲਾਮੀ ਦੀ ਲਾਹਨਤ ਗਲੋਂ ਲਾਹੁਣ ਲਈ ਗਦਰੀ ਬਾਬਿਆਂ ਜੈਕਾਰੇ ਛੱਡਦਿਆਂ, ਕੌਮੀ ਆਜ਼ਾਦੀ ਦੀ ਸੁੱਤੀ ਪਈ ਹਨੇਰੀ ਉਠਾਈ। ਗਦਰੀ ਬਾਬਿਆਂ ਦੀਆਂ ਤਰਾਨਵੇਂ ਫਾਂਸੀਆਂ ਤੇ ਕਾਲੇ ਪਾਣੀਆਂ ਦੀਆਂ ਸਖਤ ਜੇਲ੍ਹਾਂ ਦੇ ਤਸੀਹੇ ਝੱਲ ਕੇ ਕੌਮੀ ਵਕਾਰ ਨੂੰ ਆਜ਼ਾਦੀ ਦੇ ਮੁਲਹੇ ਤੇ ਲਿਆ ਖੜਾ ਕੀਤਾ। ਨੌਜਵਾਨ ਸ਼ਹੀਦਾਂ, ਸ. ਕਰਤਾਰ ਸਿੰਘ ਸਰਾਭਾ, ਸ. ਭਗਤ ਸਿੰਘ ਖਟਕੜ ਤੇ ਸ. ਊਧਮ ਸਿੰਘ ਸੁਨਾਮ ਵਰਗਿਆਂ ਨੇ ਅੰਗਰੇਜ਼ਾਂ ਦੀ ਗੁਲਾਮੀ ਨੂੰ ਗੋਥਲ ਕੇ ਰੱਖ ਦਿੱਤਾ।

ਦੂਜੇ ਬੰਨੇ ਮਾ. ਤਾਰਾ ਸਿੰਘ ਦੇ ਲਾਏ ਕੱਚੇ ਮੋਰਚਿਆਂ ਕੌਮ ਦਾ ਮਨੋਬਲ ਅਸਲੋਂ ਰੋਲ ਸੁੱਟਿਆ। ਸਗੋਂ ਕੌਮੀ ਵਕਾਰ ਨੂੰ ਢਾਹ ਹੀ ਲਾਈ। ਝੂਠੇ ਮਰਨ ਵਰਤ ਰੱਖ ਕੇ ਕੌਮੀ ਅਣਖ ਦੀ ਮਿੱਟੀ ਪਲੀਤ ਕੀਤੀ। ਜਦੋਂ ਲੋਹਾ ਗਰਮ ਸੀ, ਇਨਕਲਾਬੀ ਸੱਟ ਲਾ ਕੇ ਡੰਗ ਕੱਢਿਆ ਜਾ ਸਕਦਾ ਸੀ। ਉਦੋਂ ਮਾ. ਤਾਰਾ ਸਿੰਘ ਤੇ ਬਲਦੇਵ ਸਿੰਘ ਕੌਮ ਨੂੰ ਜਫਾ ਮਾਰ ਕੇ ਠੰਢੇ ਛੱਪੜ ਵਿਚ ਲੈ ਬੈਠੇ। ਡੋਗਰਿਆਂ ਕੌਮ ਦੀਆਂ ਬੇੜੀਆਂ ਦੇ ਰੱਸੇ ਵੱਢ ਕੇ ਸਤਲੁਜ ਦਰਿਆ ਰੋੜ੍ਹ ਛੱਡੀਆਂ ਸਨ; ਪਰ ਮਾ. ਤਾਰਾ ਸਿੰਘ ਤੇ ਬਲਦੇਵ ਸਿੰਘ ਨੇ ਸ਼ੇਰਾਂ ਦੀ ਕੌਮ ਬ੍ਰਾਹਮਣਵਾਦੀ ਸਰਕਲਾਂ ਵਿਚ ਨੱਚਣ ਲਾ ਦਿੱਤੀ। ਹੁਣ ਦੋਹਰੀ ਗੁਲਾਮੀ ਦੀ ਛੱਟ ਗਲ ਪੁਆ ਕੇ ਤਾਰੇ ਤੇ ਬਲਦੇਵੇ ਦੀ ਜਾਨ ਨੂੰ ਰੋਈ ਜਾਓ। ਮੁੜ ਅਹੁਦਿਆਂ ਦੇ ਭੁੱਖੇ ਕਾਂਗਰਸੀਆਂ, ਪੰਜਾਬੀ ਸਿਦਕ ਤੇ ਵਫਾਦਾਰੀ ਦਾ ਦੁਆਲਾ ਹੀ ਕੱਢ ਮਾਰਿਆ। ਪੰਜਾਬ ਦੀ ਜਿੰਦ ਜਾਨ ਪਾਣੀ ਤੇ ਬਿਜਲੀ ਦੇ ਅਸਾਸੇ ਆਪਣੀਆਂ ਹੀ ਵਜ਼ੀਰੀਆਂ ਵੱਟੇ ਰੋੜ੍ਹ ਛੱਡੇ। ਅਹੁਦਿਆਂ ਦੇ ਭੁੱਖਿਆਂ ਤੇ ਪੈਸੇ ਦੇ ਲਾਲਚੀਆਂ, ਇਕ ਮਾਰਸ਼ਲ ਕੌਮ, ਗੁਲਾਮੀ ਦੀ ਦਲਦਲ ਵਿਚ ਲਿਆ ਸੁੱਟੀ। ਕਿਸੇ ਇਕ ਵੀ ਕਾਂਗਰਸੀ ਅਥਵਾ ਅਕਾਲੀ ਆਗੂ ਨੇ ਲੁੱਟੇ ਜਾਂਦੇ ਪੰਜਾਬ ਦੀ ਬਾਂਹ ਫੜ ਕੇ ਵੰਗਾਰ ਨਹੀਂ ਪਾਈ। ਮੂਰਖ ਲਾਣੇ ਨੇ ਸਾਊ ਬਲਦਾਂ ਵਾਂਗ ਪੰਜਾਲੀਆਂ ਗਲ ਪੁਆ ਲਈਆਂ। ਪੰਜਾਬ ਦੇ ਸਾਰੇ ਆਗੂ ਚੌਧਰੀ, ਦਾਗ ਦੇ ਕੇ ਸਾਇਬੇਰੀਆ ਦੀਆਂ ਬਰਫਾਂ ਵਿਚ ਖੁੱਲ੍ਹੇ ਛੱਡ ਆਉਣ ਵਾਲੇ ਹਨ। ਪੰਜਾਬੀ ਕੌਮ ਲੜਨ ਭਿੜਨ ਤੇ ਆਪਣੇ ਹੀ ਸਿਰ ਪਾੜਨ ਵਿਚ ਇਕ ਨੰਬਰ ਤੇ ਗਦਾਰੀਆਂ ਕਰਨ ਵਿਚ ਸਾਰੇ ਨੰਬਰ ਹੀ ਪਛਾੜ ਗਈ। ਵਾਹਿਗੁਰੂ ਅੱਗੇ ਦੋਨੋਂ

ਹੱਥ, ਦੋਵੇਂ ਵੇਲੇ ਜੋੜ ਕੇ ਬੇਨਤੀ ਹੈ: "ਰੱਬਾ! ਜੱਬਲ ਪੁੱਤ ਨਾ ਜੰਮਦੀ, ਧੀ ਅੰਨ੍ਹੀ ਚੰਗੀ।"

ਦੇਸ ਤੋਂ ਮਰ ਮਿਟਣ ਵਾਲੀ ਇਕ ਗੁਰੂ ਪਿਆਰੀ ਸਿਦਕਵਾਨ ਕੌਮ, ਅੱਸੀ ਫੀਸਦੀ ਕੁਰਬਾਨੀਆਂ ਦੇਣ ਵਾਲੀ; ਇਨ੍ਹਾਂ ਅਹੁਦਿਆਂ ਦੇ ਭੁੱਖੇ ਪੰਜਾਬੀ ਗਦਾਰਾਂ, ਘੋਰ ਗੁਲਾਮੀ ਦੀ ਦਲਦਲ ਵਿਚ ਲਿਆ ਸੁੱਟੀ। ਪੰਜਾਬੀਓ, ਈਮਾਨਦਾਰੀ ਨਾਲ ਦੱਸੋ, ਅੰਗਰੇਜ਼ਾਂ ਦੀ ਗੁਲਾਮੀ, ਬ੍ਰਾਹਮਣਵਾਦ ਦੀ ਸੰਘੀ-ਘੁੱਟ ਆਜ਼ਾਦੀ ਨਾਲੋਂ ਕਿੰਨੀ ਕੁ ਮਾੜੀ ਸੀ? ਨਾ ਦਲਦਲ ਸੁੱਕੇ ਤੇ ਨਾ ਗੁਲਾਮੀ ਦੀ ਗਲ ਘੋਟੂ ਜ਼ੰਜੀਰ ਟੁੱਟੇ। ਹੁਣ ਹੋਰ ਚੁੱਪ ਚਪੀਤੀ ਚਾਣਕੀਆ ਨੀਤੀ ਨਾਲ ਪੰਜਾਬ ਘੱਟ-ਗਿਣਤੀ ਕਰਕੇ ਖਾਲੀ ਕਰਵਾਇਆ ਜਾ ਰਿਹਾ ਹੈ। ਇਕ ਬੰਨੇ ਭੁੱਖੀ ਸੁਰਾਲ ਮੂੰਹ ਅੱਡੀ ਤਾਕ ਵਿਚ ਐ; ਦੂਜੇ ਬੰਨੇ ਹਲਕੇ ਬਘਿਆੜ। ਹੋਰ ਲੋਹੜਾ ਸਾਈਂ ਦਾ, ਭੁੱਖੇ ਦੇਸ ਦਾ ਢਿੱਡ ਭਰਨ ਵਾਲਾ ਸਖਤ ਜਾਨ ਪੰਜਾਬੀ ਕਾਮਾ-ਕਿਸਾਨ, ਭੋਖੜੇ ਦੇ ਦੁੱਖੋਂ ਪ੍ਰਦੇਸਾਂ ਨੂੰ ਭਜਾਈ ਕਰਨ ਲਈ, ਕਿਸੇ ਵੀ ਵੀਹ ਤੀਹ ਲੱਖ ਦੇ ਭਾਅ ਬਿਸਤਰੇ ਬੰਨ੍ਹੀ ਤਿਆਰ ਬੈਠਾ ਹੈ। ਠਿੱਕਰ ਡਾਲਰਾਂ ਵੱਟੇ ਕੌਮੀ ਹੀਰੇ ਦਾਅ 'ਤੇ ਲਾਏ ਜਾ ਰਹੇ ਐ। ਪਿੱਛੋਂ ਭੋਲਾ ਪੰਜਾਬ ਹਾਕਾਂ ਮਾਰਦਾ ਦੁਹਾਈਆਂ ਪਿੱਟ ਰਿਹਾ ਏ। ਇਕ ਪਾਸੇ ਭੋਖੜਾ, ਦੂਜੇ ਬੰਨੇ ਗੁਰੂ ਦੀਆਂ ਸ਼ਹੀਦੀਆਂ ਦੇ ਦੇ ਉਸਾਰੀ ਕੌਮੀਅਤ ਦਾ ਖਾਤਮਾ। "ਟੁੱਟੀ ਬੇੜੀ, ਬੇਈਮਾਨ ਮਲਾਹ; ਜਿੰਦ ਇਕੱਲੀ, ਸਾਗਰ ਬੇਥਾਹ।"

ਓਏ ਮੇਰੇ ਸੋਹਣੇ ਪੰਜਾਬ ਦੇ ਸਰਦਾਰੋ! ਕਿਉਂ ਮਤ ਮਾਰੀ ਗਈ; ਗੁਰੂ ਬਖਸ਼ੀਆਂ ਅਮੋਲ ਦਾਤਾਂ ਤੇ ਬਖਸ਼ਿਸ਼ਾਂ ਦੇ ਬੋਲ ਵਰ ਸੁਣੋ। ਪ੍ਰਦੇਸ ਤੁਹਾਡੀ ਸੁਨਹਿਰੀ ਤੇ ਤਾਰੀਖੀ ਵਰਾਸਤਾਂ ਦੀ ਮੌਤ, ਸ੍ਰੀ ਹਰਿਮੰਦਰ ਸਾਹਿਬ ਦੀ ਸੁਰਮਈ ਤੇ ਮੁਕਤੀ ਦਾਤੀ ਬਾਣੀ ਵੱਲੋਂ ਕੰਨ ਬੰਦ ਕਰਕੇ ਤੇ ਸ੍ਰੀ ਅਨੰਦਪੁਰ ਸਾਹਿਬ, ਸੁਰਮਈ ਤਾਰੀਖ ਦਾ ਵਾਰਸ; ਗੁਰੂ ਧਿਰਕਾਰੇ ਪੰਡਿਆਂ ਲਈ ਖਾਲੀ ਕਰ ਚਲੇ ਓ? ਇਹ ਨਿਰਾ ਪੰਜਾਬ ਨਾਲ ਹੀ ਨਹੀਂ, ਗੁਰੂ ਦੇ ਸਿਦਕ ਈਮਾਨ ਨਾਲ ਵੀ ਧ੍ਰੋਹ ਹੈ, ਗਦਾਰੀ ਹੈ। ਗੁਰਦਾਸ ਨੰਗਲ ਦੀਆਂ ਸ਼ਹੀਦੀਆਂ ਤੇ ਕੁਰਬਾਨੀਆਂ; ਪਿੱਛੋਂ ਤੁਹਾਨੂੰ ਬੁਰੀ ਤਰ੍ਹਾਂ ਆਵਾਜ਼ਾਂ ਮਾਰ ਰਹੀਆਂ ਹਨ। ਬੰਦਾ ਬਹਾਦਰ ਦਾ ਜਮੂਰਾਂ ਨਾਲ ਤੋੜਿਆ ਮਾਸ ਤੁਹਾਨੂੰ ਦੁਹਾਈਆਂ ਪਾ ਰਿਹਾ ਹੈ। ਸਾਡੀ ਲਹੂ ਧਾਰਾਂ ਵਗਾਉਂਦੀ ਤਾਰੀਖ ਦੁਸ਼ਮਣਾਂ ਦੇ ਹਵਾਲੇ ਕਰ ਚਲੇ ਓ? ਗੁਰੂ ਤੇ ਉਸ ਦੀ ਸਿੱਖੀ ਨੂੰ ਬੇਦਾਅਵਾ ਦੇਣ ਵਾਲੇ ਭੁੱਲੜਾਂ ਤਾਂ ਮੁੜ ਜੰਗੀ ਮੈਦਾਨ ਆ ਮੱਲਿਆ ਸੀ ਅਤੇ ਗੁਰੂ ਤੋਂ ਅਸੀਸਾਂ ਲੈ ਲਈਆਂ ਸਨ। ਤੁਸੀਂ ਗੁਰੂ ਦੇ ਸਿਦਕ ਪਿਆਰ ਦੀਆਂ ਧਾਹਾਂ ਅਣਸੁਣੀਆਂ ਕਰਕੇ ਪ੍ਰਦੇਸਾਂ ਨੂੰ ਰੁੜ੍ਹ ਤੁਰੇ। ਗੁਰਦਾਸ ਨੰਗਲ ਦੇ ਸੱਤ ਸੌ ਸ਼ਹੀਦਾਂ ਜਾਨਾਂ ਵਾਰੀਆਂ;

ਪਰ ਉਨ੍ਹਾਂ ਵਿਚੋਂ ਇਕ ਨੇ ਵੀ ਪਿਛਾਂਹ ਭੌਂ ਕੇ ਨਹੀਂ ਵੇਖਿਆ ਸੀ ਤੇ ਸਿਦਕ ਦਾ ਝੰਡਾ ਸਦਾ ਬੁਲੰਦ ਰੱਖਿਆ ਸੀ। ਤੁਸੀਂ ਸ਼ਹੀਦ ਸੂਰਮਿਆਂ ਦੀ ਤਾਰੀਖ ਨੂੰ, ਜ਼ੁਲਮ ਦੇ ਰਾਜ ਨੂੰ ਪਰਿਵਾਰ ਤੇ ਹਜ਼ਾਰਾਂ ਸਿੰਘਾਂ ਦੀਆਂ ਸ਼ਹੀਦੀਆਂ ਨਾਲ ਤੋੜਨ ਵਾਲੇ ਗੁਰੂ ਗੋਬਿੰਦ ਸਿੰਘ; ਸ਼ਹੀਦਾਂ ਦੇ ਸਰਦਾਰੇ ਆਜ਼ਮ ਬੰਦਾ ਸਿੰਘ ਬਹਾਦਰ ਤੇ ਬਾਪੂ ਪੰਜਾਬ ਨੂੰ ਆਖੋ: "ਅਸੀਂ ਤੇਰੇ ਸਿੱਖ ਨਹੀਂ, ਤੂੰ ਸਾਡਾ ਬਾਪੂ ਨਹੀਂ।" ਤਾਰੀਖ ਤੁਹਾਡੇ ਬਜ਼ੁਰਗ ਸ਼ਹੀਦਾਂ ਦੇ ਬਲਿਹਾਰੇ ਜਾਵੇ, ਤੇ ਅੱਜ ਦੇ ਸਿੱਖਾਂ ਨੂੰ ਲਾਹਨਤ ਦੇਵੇ।

ਗੁਰੂ ਤਾਰੇ ਪਿਆਰਿਓ! ਆਪਣੇ ਬਾਨੀ ਸ਼ਹੀਦ ਬਾਪੂਆਂ ਤੋਂ ਲਾਹਨਤ ਲਵੋਂਗੇ? ਜਿਨ੍ਹਾਂ ਆਪਣੇ ਲਹੂ ਨਾਲ ਸਿੰਜ ਕੇ ਖਾਲਸਈ ਹਰਿਆਲੀ ਜਵਾਨ ਕੀਤੀ ਸੀ ਅਤੇ ਦੁਸ਼ਮਣਾਂ ਤੋਂ ਹੁਕਮ ਹਾਸਲ ਖੋਹ ਕੇ ਤੁਹਾਨੂੰ ਰਾਜੇ ਬਣਾਇਆ ਸੀ। ਯਾਦ ਕਰੋ, ਉਨ੍ਹਾਂ ਬਹਾਦਰਾਂ ਦੀਆਂ ਮਾਰਾਂ ਨੂੰ, ਜਿਨ੍ਹਾਂ ਖੈਬਰ ਦੀਆਂ ਪਹਾੜੀਆਂ ਉੱਤੇ ਗੁਰੂ ਦਾ ਕੇਸਰੀ ਨਿਸ਼ਾਨ ਲਹਿਰਾਇਆ ਸੀ। ਤੁਹਾਨੂੰ ਗਿੱਦੜੋਂ ਸ਼ੇਰ ਬਣਾਉਣ ਵਾਲੀਆਂ ਕਿੰਨੀਆਂ ਲਹੂ ਨਦੀਆਂ ਪਾਰ ਕੀਤੀਆਂ ਸਨ। ਤੁਸੀਂ ਭੋਲੇ ਭੁੱਲੜੋ, ਗੁਰੂ ਸ਼ਹੀਦਾਂ ਦੇ ਲਹੂ ਨਾਲ ਲਿਖੀ ਲਲਕਾਰੇ ਮਾਰਦੀ ਤਾਰੀਖ ਨੂੰ ਹਾਰੂ ਗਦਾਰੀ ਦੇ ਪਾਣੀ ਨਾਲ ਧੋਣ ਉੱਠ ਤੁਰੇ। ਤੁਸੀਂ ਸਿਦਕੋਂ ਉਖੜੇ, ਗੁਰੂ ਖੇਤ ਛੱਡ ਕੇ ਗਦਾਰੀਆਂ ਦੇ ਭੋਖੜੇ ਰਾਹ ਪੈ ਗਏ। ਸਾਰੀ ਦੁਨੀਆਂ ਹੈਰਾਨ, ਤੁਹਾਡੇ ਜੇਤੂ ਕਾਰਨਾਮਿਆਂ ਤੋਂ ਜਾਣੂੰ, ਉਂਗਲਾਂ ਮੂੰਹ ਪਾ ਰਹੀ ਹੈ। "ਇਹ ਗੁਰੂ ਦੇ ਲਾਲ, ਜ਼ਮੀਨਾਂ ਜਾਇਦਾਦਾਂ ਵੇਚ ਵੇਚ ਨਵੀਂ ਗੁਲਾਮੀ ਦੀ ਹੀਣਤਾ ਵਰਨ ਸ਼ਹੀਦਾਂ ਦੀ ਧਰਤੀ ਪੰਜਾਬ ਤੋਂ ਨਿਕਲ ਤੁਰੇ?" ਭੋਲਿਓ, ਤੁਸੀਂ ਕਿਉਂ ਨਹੀਂ ਸਮਝਦੇ, ਸਹਿਜ ਚੁਸਤੀ ਨਾਲ ਪੰਜਾਬ ਤੁਹਾਡੇ ਕੋਲੋਂ ਖਾਲੀ ਕਰਵਾਇਆ ਜਾ ਰਿਹਾ ਹੈ। ਇਕ ਤੇਗਾਂ ਮਾਰਨ ਵਾਲੀ ਸਬੂਤੀ ਬਹਾਦਰ ਕੌਮ ਦੇਸਾਂ ਪ੍ਰਦੇਸਾਂ ਵਿਚ ਹੀ ਨਹੀਂ ਰੋਲੀ ਜਾ ਰਹੀ; ਸਗੋਂ ਖਾਤਮੇ ਦੇ ਰਾਹ ਪਾਈ ਜਾ ਰਹੀ ਹੈ। ਆਜ਼ਾਦ ਹੋਣ ਦੇ ਵਸੀਲੇ ਰਾਹ ਸਾਰੇ ਬੰਦ, ਖਤਮ ਹੋਣ ਦੇ ਡਾਲਰਾਂ ਵਾਲੇ ਸਾਰੇ ਰਾਹ ਖੁੱਲ੍ਹੇ ਹਨ। ਸਿਦਕ ਦੀ ਮਤ ਤੁਹਾਡੇ ਪਿੱਛੇ ਦੁਹਾਈਆਂ ਪਾ ਰਹੀ ਹੈ। ਹੁਣ ਦੱਸੋ ਗੁਰੂ ਦੇ ਸਕੇ ਸੋਦਰੇ ਰਹਿਣਾ ਏ ਕਿ ਗੁਲਾਮੀ ਦੀ ਜ਼ਲਾਲਤ ਵਿਚ ਮਰਨਾ ਹੈ?

ਅਕਾਲੀ ਸਰਦਾਰਾਂ ਦੀ ਅਕਲ ਵੇਖੋ, ਹਾਲੇ ਤੱਕ ਕੀਤੀਆਂ ਇਤਿਹਾਸਕ ਭੁੱਲਾਂ ਤੇ ਕੀਤੀਆਂ ਗਲਤੀਆਂ ਬਾਰੇ ਇਕ ਵਾਰ ਵੀ ਪਛਤਾਵਾ ਨਹੀਂ ਕੀਤਾ। ਸਗੋਂ ਮਾ. ਤਾਰਾ ਸਿੰਘ ਵਰਗੇ ਕੌਮ ਡੋਬੂਆਂ ਤੇ ਅਨੇਕਾਂ ਤਾਰੀਖੀ ਭੁੱਲੜਾਂ ਨੂੰ ਹਾਲੇ ਤੱਕ ਸਿਰ 'ਤੇ ਚੁੱਕੀ ਅੰਨ੍ਹੇ ਧੱਕੇ ਖਾਈ ਜਾ ਰਹੇ ਐ। ਇਨ੍ਹਾਂ ਅੰਨ੍ਹੇ ਆਗੂਆਂ,

ਗੁਰੂ ਗੋਬਿੰਦ ਸਿੰਘ ਤੇ ਬੰਦਾ ਸਿੰਘ ਬਹਾਦਰ ਦੀ ਪੈਦਾ ਕੀਤੀ ਜਰੀ ਕੌਮ ਖੇਹ ਮਿੱਟੀ ਕਰ੍ਹਕੇ ਰੱਖ ਦਿੱਤੀ। ਮਾ. ਤਾਰਾ ਸਿੰਘ ਤੇ ਉਸ ਦੇ ਅਨਿਆਈਆਂ ਇਕ ਵੀ ਕੌਮੀ ਹੋਂਦ ਪੱਕੀ ਕਰਨ ਦਾ ਕੰਮ ਨਹੀਂ ਕੀਤਾ। ਕੌਮੀ ਸੂਝ ਤੋਂ ਕੋਰੇ ਕੀ ਧਿਆਨ ਕਰਦੇ। ਇਨ੍ਹਾਂ ਆਗੂਆਂ ਦੀ ਮਾੜੀ ਕਾਰਗੁਜ਼ਾਰੀ ਦੇ ਨਤੀਜੇ, ਜ਼ਰਬ ਖਾਧੀ ਸਿਫਰ ਤੋਂ ਅਗਾਂਹ ਨਹੀਂ ਜਾਂਦੇ। ਉਸ ਭੜਥੂ ਦੀ ਸੋਚ ਅਗਵਾਈ ਨੇ ਕੌਮ ਨੂੰ ਗੁਲਾਮੀ ਦੀ ਦਲਦਲ ਤੋਂ ਅਗਾਂਹ ਖਾਤਮ੍ਹੇ ਦੇ ਰਾਹ ਪਾ ਦਿੱਤਾ। ਯੂ.ਐਨ.ਓ. ਦੀ ਰੀਪੋਰਟ ਹੈ, ਸਿੱਖ ਕੌਮ ਖਿਲਰੀ ਹੋਰ ਪੰਜਾਹ ਸਾਲ੍ਹ ਤੱਕ ਖਾਤਮੇ ਤੇ ਆ ਜਾਵੇਗੀ। ਸ਼ੇਰਾਂ ਦੀ ਥਾਂ, ਜਦੋਂ ਅਕਲੋਂ ਖਾਲੀ ਗਿੱਦੜ ਆਗੂ ਅੱਗੇ ਆ ਜਾਣ, ਹਸ਼ਰ ਖਾਤਮੇ ਦਾ ਨਾਦ ਵਜਾ ਦਿੰਦਾ ਹੈ। ਜੋਸ਼ ਚੜ੍ਹੇ ਗਰਮ ਚੁਬਾਰੇ ਤੋਂ ਹੇਠਾਂ ਆਓ; ਠੰਢੀ ਸ਼ਾਂਤੀ ਨਾਲ ਅਗਲਾ ਨਿਰਣਾ ਲਵੋ, ਜੇ ਬਚਾਅ ਚਾਹੁੰਦੇ ਹੋ।

ਬਾਹਰ ਨਿਕਲੀ ਕੌਮ ਦੇ ਵਡਾਰੂਆਂ ਪਿੱਛੋਂ, ਸਾਡੀ ਨੌਜਵਾਨੀ ਨੇ ਗੈਰ ਕੌਮੀ ਗੋਰੀਆਂ ਬਾਹਾਂ ਦੀਆਂ ਗਲਵਕੜੀਆਂ ਵਿਚ ਦਮ ਤੋੜ ਦੇਣਾ ਹੈ। ਕੌਮਾਂ ਸ਼ਹਾਦਤੀ ਕਾਰਨਾਮਿਆਂ ਨਾਲ ਖੜੀਆਂ ਹੁੰਦੀਆਂ ਹਨ ਤੇ ਅੱਯਾਸ਼ੀਆਂ ਵਿਚ ਖੁਰ ਜਾਂਦੀਆਂ ਹਨ। ਆਪਣੀ ਕੌਮੀ ਪਰਥਾ ਨਾਲੋਂ ਟੁੱਟੇ ਲੋਕ ਬੇਗਾਨੀਆਂ ਰਹੁ-ਰੀਤਾਂ ਦੇ ਧਾਰੇ ਵਿਚ ਲੂਣ ਦੀ ਡਲੀ ਵਾਂਗ ਖੁਰ ਜਾਂਦੇ ਹਨ। ਇਸ ਥੋਰੇ ਦੀਆਂ ਅਨੇਕਾਂ ਇਤਿਹਾਸਕ ਮਿਸਾਲਾਂ ਹਨ। ਇਨ੍ਹਾਂ ਬਾਹਰਲੀਆਂ ਮਾਰੂ ਲਹਿਰਾਂ ਨੇ, ਸਾਡੇ ਨੌਜਵਾਨਾਂ ਦੇ ਦਿਮਾਗਾਂ ਵਿਚੋਂ ਗੁਰੂ ਸਿਧਾਂਤ ਲਾਸਾਨੀ ਕੁਰਬਾਨੀਆਂ ਨਾਲ ਖੂਨੋ-ਖੂਨ ਹੋਇਆ ਇਤਿਹਾਸ ਤੇ ਸਾਊ ਕਲਚਰ ਮੁਕਾਅ ਧਰਨਾ ਹੈ। ਧਰਮ ਸਿਧਾਂਤ ਦੀ ਬੱਤੀ ਵੀ ਓਨਾ ਚਿਰ ਹੀ ਰੋਸ਼ਨੀ ਦਿੰਦੀ ਹੈ,, ਜਿੰਨ੍ਹਾ ਚਿਰ ਸਿਦਕ ਦਾ ਤੇਲ ਬਰਾਬਰ ਬਲਦਾ ਰਹੇ। ਜੇ ਤੇਲ ਬਰਾਬਰ ਦੀਵੇ ਵਿਚ ਪਵੇਗਾ ਨਹੀਂ, ਬੱਤੀ ਨੇ ਸੁੱਕ ਕੇ ਹਰ ਹਾਲ ਬੁਝ ਜਾਣਾ ਹੈ। ਗਦਰੀ ਬਾਬਿਆਂ ਕੋਲ ਈਮਾਨਦਾਰੀ ਨਾਲ ਬੇਪਨਾਹ ਅਣਖ ਦਾ ਕੁਰਬਾਨੀਆਂ ਭਰਿਆ ਤੇਲ ਵੀ ਸੀ। ਉਨ੍ਹਾਂ ਲਾਹੌਰ ਕਿਲ੍ਹੇ ਦੀਆਂ ਫਾਂਸੀਆਂ ਤੋੜ ਕੇ ਆਜ਼ਾਦੀ ਦੀ ਸ਼ਮਾਹ ਲਟ ਲਟ ਬਲਦੀ ਕਰ ਦਿੱਤੀ। ਸਭ ਤੋਂ ਵੱਡਾ ਕੌਮੀ ਦੁੱਖ ਇਹ ਐ, ਗਦਾਰ ਲਾਣੇ [ਕਾਂਗਰਸੀਆਂ ਤੇ ਅਕਾਲੀਆਂ] ਦੀ ਅਗਵਾਈ ਨੇ ਸਾਰੀਆਂ ਕੁਰਬਾਨੀਆਂ ਅੰਨ੍ਹੇ-ਖੂਹ-ਖਾਤੇ ਪਾ ਧਰੀਆਂ। ਉਨ੍ਹਾਂ ਦੀਆਂ ਖ਼ੁਦਗਰਜ਼ੀਆਂ ਤੇ ਗਦਾਰੀਆਂ ਨੇ ਸਾਨੂੰ ਲੋਹ ਸੰਗਲਾਂ ਵਿਚ ਨਰੜ ਦਿੱਤਾ। ਹੋਰ ਤਮਾਸ਼ਾ ਵੇਖੋ, ਕਿੰਨੇ ਅਕਾਲੀ ਦਲ ਗਦਾਰੀਆਂ ਕਰਨ ਲਈ, ਅਕਲੋਂ ਖਾਲੀ ਹੱਥਲ ਹੋਏ ਇਕ ਦੂਜੇ ਦੇ ਗਲਮੇ ਪਾੜ ਰਹੇ ਐ। ਇਨ੍ਹਾਂ ਨੂੰ ਪੁੱਜ ਕੇ ਹੋਈ ਖੱਜਲ ਖਵਾਰੀ ਪਿੱਛੋਂ ਵੀ ਪਤਾ ਨਹੀਂ ਲੱਗਾ, ਅਸਲ ਦੁਸ਼ਮਣ ਕੌਣ ਹੈ ? ਵੱਡੇ ਦੁਸ਼ਮਣ ਨੂੰ

ਆਪਣੀਆਂ ਖੁਦਗਰਜ਼ੀਆਂ ਤੇ ਗਦਾਰੀਆਂ ਪਿੱਛੇ ਲੁਕਾਅ ਰੱਖਿਆ ਹੈ ਤੇ ਤਕੜਾ ਕਰ ਰਹੇ ਐ। ਸੱਚ ਇਹ ਹੈ, ਇਹ ਸਾਰੇ ਅਕਾਲੀ ਦਲ, ਬੂ ਮਾਰਦੀ ਲੁਕੀ ਫਿਰਕੂ ਦਿੱਲੀ ਦੇ ਗੁਮਾਸ਼ਤੇ ਹਨ। ਅੱਗੇ ਬਾਹਰਲੇ ਦਿੱਲੀ ਲੁੱਟਦੇ ਸਨ; ਹੁਣ ਦਿੱਲੀ ਆਪਣੀਆਂ ਸਾਰੀਆਂ ਲੁੱਟਾਂ ਦਾ ਬਦਲਾ, ਵਿਆਜ ਸਮੇਤ ਪੰਜਾਬ ਤੋਂ ਵਸੂਲ ਕਰ ਰਹੀ ਹੈ। ਹਾਲਾਂਕਿ ਦਿੱਲੀ ਦੇ ਬਚਾਅ ਲਈ ਪੰਜਾਬ ਸਭ ਤੋਂ ਪਹਿਲਾਂ ਲਹੂ-ਲੁਹਾਣ ਹੁੰਦਾ ਰਿਹਾ ਹੈ। ਤਾਰੀਖ ਇਸ ਦੀ ਸਬੂਤ ਵਜੋਂ ਸੁਲਤਾਨੀ ਗਵਾਹ ਹੈ। ਦਿੱਲੀ-ਬਿੱਲੀ ਦੀ ਚੁਸਤੀ ਵੇਖੋ, ਸਾਨੂੰ ਲੁੱਟੀ ਮਾਰੀ ਵੀ ਜਾਂਦੀ ਹੈ; ਸ਼ਾਂਤੀ ਅਹਿੰਸਾ ਦਾ ਹੋਕਾ ਦਿੰਦੀ ਸੱਚੀ ਵੀ ਹੋਈ ਜਾਂਦੀ ਐ। ਲੁੱਟਿਆਂ ਕੁੱਟਿਆਂ ਦੇ ਨਰਮ ਸ਼ਬਦਾਵਲੀ ਨਾਲ ਅੱਥਰੂ ਦੀ ਪੂੰਝੀ ਜਾ ਰਹੀ ਹੈ। 'ਦੇਖੋ ਜੱਟ ਪੰਜਾਬ ਦੀ ਅਕਲ ਗਈ' ਦੀ ਕਹੌਤ ਅਨੁਸਾਰ ਅਕਾਲੀ, ਆਪੋ ਵਿਚ ਜੁੰਡੋ ਜੁੰਡੀ ਹੋਏ ਦਿੱਲੀ ਦੁਸ਼ਮਣ ਤੋਂ ਕੀ ਭਾਲਦੇ ਐ ? ਰੰਗ ਰਲੀਆਂ ਵਾਲੀਆਂ ਲੋਟੂ ਵਜ਼ੀਰੀਆਂ ਤਾਂ ਦਿੱਲੀ ਵਾਲਿਆਂ ਨੂੰ ਵੀ ਪੂਰੀਆਂ ਨਹੀਂ ਆਉਂਦੀਆਂ।

ਖਲੀਲ ਜਬਰਾਨ ਦੀ ਇਕ ਕਹੌਤ ਹੈ:-

ਸੁੱਤੀ ਲੂੰਬੜੀ ਆਪਣੀ ਗਾਰ ਵਿਚੋਂ ਸਵੇਰੇ ਬਾਹਰ ਨਿਕਲੀ। ਚੜ੍ਹਦੇ ਸੂਰਜ ਵਿਚ ਆਪਣਾ ਕੋਹਾਂ ਲੰਮਾ ਪਰਛਾਵਾਂ ਵੇਖ ਕੇ ਉਸ ਕਿਹਾ : 'ਅਜ ਤਾਂ ਨਾਸ਼ਤੇ ਵਿਚ ਊਠ ਬਿਨਾਂ ਨਹੀਂ ਸਰਨਾ।' ਉਸ ਨੂੰ ਊਠ ਭਾਲਦਿਆਂ ਦੁਪਹਿਰਾ ਸਿਰ ਤੇ ਆ ਗਿਆ। ਸਵੇਰ ਦਾ ਕੋਹਾਂ ਲੰਮਾ ਪਰਛਾਵਾਂ ਸੁਕੜ ਕੇ ਪੈਰਾਂ ਵਿਚ ਆ ਗਿਆ। ਅੱਤ ਦੀ ਭੁੱਖੀ ਲੂੰਬੜੀ ਨੇ ਹਾਉਕਾ ਲੈ ਕੇ ਆਖਿਆ: "ਹੁਣ ਤਾਂ ਭਾਵੇਂ ਇਕ ਚੂਹਾ ਹੀ ਮਿਲ ਜਾਵੇ।"

ਮੇਰੇ ਕਹਾਣੇ ਦਾ ਮਤਲਬ ਹੈ, ਸਿਰਾਂ ਦੀਆਂ ਹਜ਼ਾਰਾਂ ਕੁਰਬਾਨੀਆਂ, ਆਜ਼ਾਦੀ ਲਈ ਦੇ ਕੇ ਵੀ ਪੰਜਾਬੀ ਕੌਮ ਨੂੰ ਹੁਣ ਮਰਿਆ ਚੂਹਾ ਮਿਲਣ ਦੀ ਵੀ ਇਨ੍ਹਾਂ ਹਾਲਾਤ ਤੋਂ ਆਸ ਨਹੀਂ। ਵਾਰਸ ਦੀ ਹੀਰ ਦਾ ਇਕ ਟੋਟਾ, ਸਹਿਤੀ ਹੀਰ ਨੂੰ ਆਖਦੀ ਸੀ:

"ਅਨੀ ਭਾਬੀਏ ਉਠ ਕੇ ਖੈਰ ਘੱਤੀਂ, ਵਾਹ ਪੈ ਗਿਆ ਨਾਲ ਕੁਪੱਤਿਆਂ ਦੇ।"

ਕੌਮ ਨੂੰ ਇਕ ਨਹੋਰਾ ਹੋਰ ਯਾਦ ਰੱਖਣਾ ਚਾਹੀਦਾ ਹੈ:-

"ਦੇਖ ਬੇਲੀਆ! ਯਾਰ ਪਚਾਦਾ; ਭੱਜਣਾ ਭੱਜ ਲੈ, ਨਹੀਂ ਖਾਧਾ ਖਾਧਾ।"

ਸਾਰੇ ਅਕਾਲੀ ਦਲਾਂ ਕੋਲ ਕੌਮ ਨੂੰ ਬਚਾਉਣ ਦਾ ਕੋਈ ਠੋਸ ਪ੍ਰੋਗਰਾਮ

ਨਹੀਂ। ਸਾਰੇ ਯਬਾਕੀਆਂ ਮਾਰ ਰਹੇ ਹਨ। ਕਿਸੇ ਤਰ੍ਹਾਂ ਦੀ ਪ੍ਰਾਪਤੀ ਦੀ ਕੋਈ ਸੇਧ-ਬੁਨਿਆਦ ਨਹੀਂ। ਬਾਈ ਮੰਜੀਆਂ ਵਾਲੇ ਲੁਟੇਰਿਆਂ ਵਾਂਗ ਸੰਗਤਾਂ ਦੀਆਂ ਭੇਜੀਆਂ ਸੌਗਾਤਾਂ ਹੜੱਪਣ ਵਾਲੇ ਖਾਣ ਸੂਰੇ ਹਨ। ਕਿਸੇ ਧੜੇ ਦਾ ਕੋਈ ਕੌਮੀ ਕੰਮ ਅੱਗੇ ਨਹੀਂ ਆਇਆ ਹਾਲੇ ਤੱਕ ਫੰਡਾਂ ਲੁੱਟਾਂ ਵਾਲੀਆਂ ਡਕੈਤੀਆਂ ਦੀ ਭਰਮਾਰ ਹੈ। ਇਨ੍ਹਾਂ ਤੋਂ ਬਿਨਾਂ ਸਾਧਾਂ ਸੰਤਾਂ ਦੀਆਂ ਠੱਗੀਆਂ ਬੇਪ੍ਰਵਾਹ। ਤੀਹ ਤੀਹ ਲੱਖ ਦੀਆਂ ਵਿਦੇਸ਼ੀ ਕਾਰਾਂ ਤੇ ਬਗਲੇ ਭਗਤ ਸਵਾਰ, ਭੋਰਿਆਂ ਦੀਆਂ ਰੰਗੀਨ ਅੱਯਾਸ਼ੀਆਂ ਬੱਲੇ-ਬੱਲੇ। ਇਨ੍ਹਾਂ ਨੂੰ ਡੱਬੀ ਕੁੱਤੀ ਭੌਂਕਦੀ ਨਹੀਂ ਸੁਣਦੀ। ਇਨ੍ਹਾਂ ਦੁੱਧ ਚਿੱਟੇ ਸੱਜਣ ਠੱਗਾਂ ਅਥਵਾ ਬਗਲੇ ਭਗਤਾਂ ਨੂੰ, ਇਸ ਜਹਾਨ ਦੀ ਗੁਲਾਮੀ ਦੀ ਮਾਰ ਹੇਠ ਆਏ ਲੁੱਟੇ ਪੁੱਟੇ ਤਾਂ ਦਿਸਦੇ ਹੀ ਨਹੀਂ ਪਰ ਇਨ੍ਹਾਂ ਤੋਂ ਅਗਲੇ ਜਹਾਨ, ਭਾਵ ਸਵਰਗ ਦੇ ਜਿੰਨੇ ਮਰਜ਼ੀ ਟਿਕਟ ਲਾਰੇ ਲੈ ਲਓ। ਜੈਤੋ ਦੇ ਪੂਰੇ ਭਖੇ ਮੋਰਚੇ ਵਿਚ ਗੋਲੀ ਵੀ ਚੱਲ ਰਹੀ ਸੀ। ਇਕ ਜੱਟ ਨੇ ਕਹੀ ਮੋਢਿਓਂ ਲਾਹ ਕੇ ਲੰਮੇ ਤੇ ਚਿੱਟੇ ਚੋਲੇ ਵਾਲੇ ਸੰਤ ਨੂੰ ਆਖਿਆ।

"ਸੰਤੋ ਜੀ, ਆਪਾਂ ਵੀ ਸਵੇਰੇ ਮੋਰਚੇ ਨੂੰ ਧਾਈਆਂ ਮਾਰੀਏ ?"

"ਵੇਖ ਬਈ ਸੂਰਮਿਆਂ! ਓਥੇ ਚਲਦੀ ਈ ਗੋਲੀ। ਜੇ ਅਸੀਂ ਵੀ ਚਲੇ ਗਏ; ਤੁਹਾਡੇ ਵਰਗੇ ਸ਼ਹੀਦ ਸੂਰਮਿਆਂ ਦੇ ਪਿੱਛੋਂ ਭੋਗ ਕੌਣ ਪਾਵੇਗਾ ?" ਚਲਾਕ ਬਗਲੇ ਨੇ ਕਾਮੇ ਜੱਟ ਨੂੰ ਮੋਰਚੇ ਲਈ ਤੁਰਦਾ ਕਰ ਦਿੱਤਾ।

ਨੀਅੱਤ ਦੇ ਖੋਟੇ ਤੇ ਪੱਜਲ ਗਦਾਰਾਂ ਤੋਂ ਕੌਮੀ ਤਬਾਹੀ ਤੇ ਗੁਲਾਮੀ ਦੀ ਜ਼ਲਾਲਤ ਬਿਨਾਂ ਹੋਰ ਕੀ ਆਸ ਰੱਖ ਸਕਦੇ ਹੋ ? ਦਸਮ ਪਾਤਸ਼ਾਹ ਨੇ ਕੌਮੀ ਰੱਖਿਆ ਲਈ ਅੰਮ੍ਰਿਤ ਦੀ ਦਾਤ ਬਖਸ਼ ਕੇ ਸਿੰਘਾਂ ਨੂੰ ਤ੍ਰਿਆਰ ਕੀਤਾ ਸੀ। ਜਦੋਂ ਕੌਮ ਦੇ ਆਗੂ ਤੇ ਸੰਤ ਲਾਣਾ ਅੱਯਾਸ਼ੀਆਂ ਵਿਚ ਡੁੱਬ-ਲੱਥਾ, ਆਪਸੀ ਦੁਸ਼ਮਣੀਆਂ ਸਹੇੜ ਸਹੇੜ ਮਾਰ ਕਾਟ ਕਰਦੇ ਰਹੇ; ਲੰਮੀ ਸ਼ਾਂਤੀ ਖੁਸ਼ਹਾਲੀ ਕਦੋਂ ਮਿਲੀ ? ਆਪੇ ਪਾਥੜੀਏ, ਤੈਨੂੰ ਕੌਣ ਛੁਡਾਵੇ। ਆਂਹਦੇ, ਐਨ ਵੇਲੇ ਸਿਰ ਖੁਸ਼ਹਾਲੀ ਵਾਲੀ ਆਜ਼ਾਦੀ, ਪਿੰਡ ਦੀ ਫਿਰਨੀ ਸਾਰੀ ਰਾਤ ਕੀਰਨੇ ਪਾਉਂਦੀ ਲੋਕਾਂ ਨੂੰ ਜਗਾਉਂਦੀ ਰਹੀ; ਪਰ ਕੋਈ ਸੁੱਤਾ ਜਾਗਿਆ ਹੀ ਨਾ। ਪਹਿਰਾ ਦੇਣ ਵਾਲੇ ਆਗੂ ਵੀ ਸ਼ਾਂਤ ਸੁੱਤੇ ਹੋਕਰੇ ਮਾਰਦੇ ਰਹੇ। ਕੋਈ ਪੰਜਾਬੀ ਜਾਗਿਆ ਹੀ ਨਾ। ਸਵੇਰ ਹੋਣ ਤੋਂ ਪਹਿਲਾਂ, ਪਾਹਰੂਆਂ ਦੀ ਮਦਦ ਨਾਲ ਦਿੱਲੀ ਵਾਲੇ ਸਭ ਕੁਝ ਹੀ ਲੁੱਟ ਪੁੱਟ ਕੇ ਰਫੂ ਚੱਕਰ ਹੋ ਗਏ। ਕੋਈ ਪੰਜਾਬੀ ਸੁੱਤਾ ਨਾ ਜਾਗਿਆ। ਪਿੰਡ ਦੇ ਪਹਿਰੇਦਾਰਾਂ ਨੂੰ ਦਸਵੰਧ ਵਜੋਂ ਪੰਜਾਬ ਦੀਆਂ ਵਜ਼ੀਰੀਆਂ ਬਖਸ਼ ਕੇ ਬੱਲੇ ਬੱਲੇ ਕਰਵਾ ਦਿੱਤੀ।

ਇਕ ਦੂਜੇ ਦੇ ਦੁਸ਼ਮਣ ਬਣੇ ਕਾਂਗਰਸੀ ਤੇ ਅਕਾਲੀ ਭਰਾ, ਮੇਰੀ ਸਮਝ

ਵਿਚ ਨਹੀਂ ਆਉਂਦਾ, ਰਾਜ ਦੀ ਆਜ਼ਾਦੀ ਭਾਲਦੇ ਐ ਕਿ ਕੌਮੀ ਤਬਾਹੀ? ਪੰਜਾਬ ਦੇ ਕਾਂਗਰਸੀਆਂ ਤਾਂ ਸੌਂਹ ਖਾਧੀ ਐ, ਦੁਸ਼ਮਣ ਪੰਜਾਬ ਨੂੰ ਰੜੇ-ਨੰਗ ਮਾਰਨਾ ਐ; ਇਹਦਾ ਕੁਝ ਬਣਨ ਨਹੀਂ ਦੇਣਾ। ਵਾਸਤਵ ਵਿਚ ਪੰਜਾਬ ਦੀ ਕਾਂਗਰਸ ਵਜ਼ਾਰਤ ਕੇਂਦਰ ਦੀ ਗੁਲਾਮ ਤੇ ਵਫਾਦਾਰ ਵਰਤੀ ਜਾਣ ਵਾਲੀ ਰੰਨ ਹੈ। ਅਕਲ ਤੇ ਲਿਆਕਤ ਵਾਲਾ ਕੋਈ ਅਣਖੀਲਾ ਆਗੂ ਅੱਗੇ ਆਇਆ ਹੀ ਨਹੀਂ, ਜਾਂ ਆਉਣ ਦਿੱਤਾ ਹੀ ਨਹੀਂ। ਕੇਂਦਰ ਆਪਣੇ ਹਿੱਤਾਂ ਵਾਲੇ ਨੂੰ ਹੀ ਅੱਗੇ ਲਿਆਉਂਦਾ ਰਿਹਾ ਹੈ। ਝੋਲੀ ਚੁੱਕ ਬੇਪ੍ਰਵਾਹ! ਕਾਂਗਰਸੀ ਤੇ ਅਕਾਲੀ ਦੋਵੇਂ ਪਾਰਟੀਆਂ, "ਉਤਰ ਕਾਟੋ, ਮੈਂ ਚੜ੍ਹਾਂ।" ਦੀ ਰਾਜਸੀ ਖੇਡ ਖੇਡੀ ਜਾ ਰਹੀਆਂ ਹਨ। ਤੇ ਪੰਜਾਬ ਦੇ ਕੁਦਰਤੀ ਵਸੀਲਿਆਂ ਦੀ ਖੇਹ ਉਡਾਈ ਜਾ ਰਹੀ ਹੈ। ਦਿੱਲੀ ਦਾ ਬ੍ਰਾਹਮਣਵਾਦ, ਬੁਨਿਆਦੀ ਅਸਲਿਓਂ ਉਖੜੇ ਪੰਜਾਬੀ ਨੂੰ ਥਾਪੜਾ ਦੇਈ ਜਾ ਰਿਹਾ ਹੈ।

"ਬਲ ਬਹਾਦਰੋ! ਰਾਜ ਭਾਗ ਤੁਹਾਡਾ; ਪਰ ਕੋਠੀ ਹੱਥ ਨਹੀਂ ਲਾਉਣਾ।"

ਪੰਜਾਬ ਦੀਆਂ ਚਾਰੇ ਕੰਨੀਆਂ ਲੀਰੋ ਲੀਰ ਵੇਖ ਕੇ, ਭਰੀਆਂ ਅੱਖਾਂ ਨਾਲ ਸਰਬੰਸ ਦਾਨੀ ਯਾਦ ਆਉਂਦਾ ਏ। "ਗੁਰੂ, ਤੇਰੇ ਪੰਜਾਬ ਦਾ ਕੀ ਬਣੇਗਾ? ਇੱਥੇ ਬਾਈ ਮੰਜੀਆਂ ਵਾਲਿਆਂ ਚੱਜ ਨਾਲ ਹੀ ਕਬਜ਼ਾ ਮਾਰਿਆ ਹੋਇਆ ਏ। ਇਨ੍ਹਾਂ ਤਾਂ ਤੇਰੀ ਗੁਰਿਆਈ, ਧਰਮ, ਸੱਚ ਤੇ ਪੰਜਾਬ ਦੀ ਦਸਾਂ ਨਹੁੰਆਂ ਦੀ ਕਰੜੀ ਮਿਹਨਤ ਵੀ ਵੇਚ ਖਾਧੀ। ਗੁਰੂ ਤੇਰੇ ਦਰਬਾਰ ਇਕੋ ਬੇਨਤੀ, ਇਨ੍ਹਾਂ ਲਬੜਗੱਟਿਆਂ ਨੂੰ ਜੁੜ ਕੇ ਚੱਲਣ ਦੀ ਸੋਝੀ ਜ਼ਰੂਰ ਬਖਸ਼ ਦੇ।" ਨਹੀਂ, ਤੇਰਾ ਵਫਾਦਾਰ ਪੁੱਤਰ ਖਾਲਸੇ ਨੂੰ ਇਹ ਜਗੋਂ ਜਾਣੇ ਕਾਂਗਰਸੀ ਤੇ ਸਾਰੀ ਦੇ ਉੱਖਲ ਅਕਾਲੀ, ਵੇਚ ਵੱਟ ਕੇ ਖਾ ਜਾਣਗੇ। ਪੰਜਾਬ ਦੇ ਕਾਂਗਰਸੀ, ਬ੍ਰਾਹਮਣਵਾਦ ਦੀ ਖੁਸ਼ਾਮਦ ਵਿਚ ਆਪਣਾ ਜੱਦੀ, ਪੁਸ਼ਤੀ, ਇਤਿਹਾਸਕ ਵਿਰਸਾ ਮਾਨ ਸ੍ਵੈਮਾਨ ਸਭ ਭੁੱਲ ਬੈਠੇ ਐ ਤੇ ਅਕਾਲੀਆਂ, ਨਿਹੰਗ ਲਾਣੇ ਵਾਂਗ 'ਅਕਲ ਕੌਣ ਕੁੱਤੀ' ਸਿਰੋਂ ਘਰੋਂ ਟਾਹ ਛੱਡੀ ਐ। ਗੁਰੂ, ਤੁਸੀਂ ਹੀ ਦੱਸੋ, ਪੰਜਾਬ ਕੀ ਖਾ ਮਰੇ?

ਕਿਸੇ ਤਰ੍ਹਾਂ ਦੀਆਂ ਕਰਾਮਾਤਾਂ ਵਿਚ ਨਾ ਗੁਰੂ ਦਾ ਵਿਸ਼ਵਾਸ ਸੀ, ਨਾ ਹੀ ਉਹਦੀ ਸਿਦਕੀ ਪਰੰਪਰਾ ਦਾ। ਗੁਰੂ ਅਤੇ ਉਹਦੇ ਸਿਦਕਵਾਨਾਂ ਦੇ ਸ਼ੁਭ ਕਰਮ ਕਰਤੱਵਾਂ ਨੂੰ ਲੁਟੇਰੀਆਂ ਧਾੜਾਂ ਨੇ ਮੁੜ ਝੂਠੀਆਂ ਕਰਾਮਾਤਾਂ ਨੂੰ ਭੋਲੇ ਭਾਲੇ ਸਿੱਖਾਂ ਵਿਚ ਵੰਡਣਾ ਸ਼ੁਰੂ ਕਰ ਦਿੱਤਾ ਹੈ। ਸੁੱਚੇ ਮਾਰਗ ਚਲਦਾ ਅਭੋਲ ਲਾਣਾ, ਮੁੜ ਸਾਰੇ ਦੇ ਝੂਠੇ ਤੇ ਲੁਟੇਰੇ ਬ੍ਰਾਹਮਣਵਾਦ ਦਾ ਲਾਈਲਗ ਹੋ ਤੁਰਿਆ। ਜਿਸ ਕੌਮ ਵਿਚ ਉੱਖਲ ਜਥੇਦਾਰਾਂ ਤੇ ਸਾਰੀ ਦੇ ਗਦਾਰ ਕਾਂਗਰਸੀਆਂ ਦੀ ਪ੍ਰਧਾਨਗੀ ਆ ਬਣੇ; ਉਹ ਕੌਮ ਤਖਤੋਂ ਹੀ ਨਹੀਂ, ਤਾਰੀਖ ਦੇ ਪੰਨਿਆਂ ਤੋਂ ਵੀ ਲਹਿ ਜਾਵੇਗੀ।

ਤਖਤੋਂ ਤਾਜੋਂ ਤਾਂ ਸੁਥਰੇ ਹੋ ਚੁੱਕੇ ਆ; ਜੇ ਇਹੋ ਹਾਲ ਜਾਰੀ ਰਿਹਾ, ਤਾਰੀਖੋਂ ਵੀ ਯਕੀਨਨ ਗਵਾਚ ਜਾਵਾਂਗੇ। ਤਾਰੀਖੋਂ ਹੀ ਨਹੀਂ, ਗੁਰੂ ਬਾਣੀ ਤੋਂ ਵੀ ਵਿਰਵੇ ਹੋ ਜਾਵਾਂਗੇ। ਗੁਜ਼ਰੀਆਂ ਕੌਮਾਂ ਦੀ ਕਹਾਣੀ ਪੜ੍ਹ ਕੇ ਵੇਖ ਲਵੋ; ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਸਾਫ ਹੋ ਜਾਵੇਗਾ। ਜਿਸ ਕੌਮ ਦੇ ਆਗੂਆਂ ਨੂੰ ਗਦਾਰੀਆਂ ਕਰਨ ਵੱਟੇ ਸ਼ਾਹੀ ਦਰਬਾਰੋਂ ਰੁਤਬੇ ਤੇ ਖਿੱਲਤਾਂ ਮਿਲਣ; ਉਨ੍ਹਾਂ ਦੇ ਗਲੋਂ ਮਿਹਨਤ ਤੇ ਵਫਾਦਾਰੀ ਦੀ ਸੁੱਕੀ ਰੋਟੀ ਨਹੀਂ ਲੰਘਦੀ। ਯਕੀਨ ਕਰੋ, ਉਹ ਕੌਮ ਅੱਜ ਵੀ ਖੁਆਰ ਹੋ ਕੇ ਖਤਮ ਹੋਈ ਤੇ ਆਉਂਦੇ ਭਲਕ ਨੂੰ ਤਾਂ ਸ਼ਾਇਦ ਉਹਦਾ ਨਾਂ ਨਿਸ਼ਾਨ ਵੀ ਨਾ ਰਹੇ। ਕੀ ਗੁਰੂ ਪਰਿਵਾਰ ਤੇ ਉਹਦੇ ਸਿੰਘਾਂ ਦੀਆਂ ਸ਼ਹਾਦਤਾਂ ਨਾਲ ਸਰਬਤ ਦੇ ਭਲੇ ਨਾਲ ਖੜੀ ਕੀਤੀ ਸਿਦਕਵਾਨ ਕੌਮ, ਭੰਗ ਦੇ ਭਾੜੇ ਹੀ ਖਤਮ ਹੋ ਜਾਵੇਗੀ? ਉਹਦੀਆਂ ਤਾਰੀਖੀ ਧਾਂਕਾਂ ਵਾਲੀਆਂ ਵਰਾਸਤੀ ਕੁਰਬਾਨੀਆਂ ਗਵਾਚ ਜਾਣਗੀਆਂ? ਗੁਰੂ! ਤੂੰ ਜ਼ੁਲਮ ਦੇ ਗਾਹੜੇ ਹਨੇਰੇ ਪਾੜ ਕੇ ਕੁਰਬਾਨੀਆਂ ਦੇ ਕੇ ਮੁਕਤੀ ਦਾ ਆਜ਼ਾਦ ਰੋਸ਼ਨ ਮੀਨਾਰ ਖੜਾ ਕੀਤਾ ਸੀ। ਮਾਫ ਕਰੀਂ ਗੁਰੂਦੇਵ! ਅੱਜ ਉਸ ਦੀ ਇੱਟ ਇੱਟ ਹੁੰਦੀ ਵੇਖੀ ਨਹੀਂ ਜਾਂਦੀ। ਤੇਰਾ ਸਿਮਰਨ, ਲੰਮੀਆਂ ਅਰਦਾਸਾਂ ਵੀ ਜਾਰੀ ਹਨ; ਪਰ ਕੌਮ ਮਾਰੂ ਗਦਾਰੀਆਂ ਦੀ ਬਰਬਾਦੀ ਦਿਨੋ ਦਿਨ ਕਾਲੀ ਬੋਲੀ ਵਧਦੀ ਹਨੇਰੀ, ਮਾਰੋ ਮਾਰ ਕਰਦੀ ਚੜ੍ਹੀ ਆਉਂਦੀ ਵੇਖੀ ਨਹੀਂ ਜਾਂਦੀ। ਗਦਾਰਾਂ ਤੇ ਉਖਲਾਂ ਤੋਂ ਰੋਕਬੰਦੀ ਦੀ ਕੋਈ ਆਸ? ਤੋਬਾ, ਤੋਬਾ!

ਦੁਹਾਈ ਪੰਜਾਬੀ ਭਰਾਓ! ਸਿਰੇ ਦੇ ਭੁੱਖੇ ਗਦਾਰਾਂ ਤੋਂ ਤੁਸੀਂ ਆਪਣੀ ਸਾਊ ਮਿਹਨਤ ਦੀ ਰੋਟੀ ਭਾਲਦੇ ਹੋ? ਓ ਸਾਰੀ ਦੇ ਭੋਲਿਓ ਕਾਮਿਓ! ਇਹ ਜੱਦੀ ਗਦਾਰ ਡੋਗਰੇ ਤਾਂ ਤੁਹਾਨੂੰ ਆਰਥਿਕ ਤੰਗੀਆਂ ਦੀ ਭਗਦੜ ਦ੍ਹੇ ਕੌਮੀ ਪੱਖੋਂ ਹੀ ਖਤਮ ਕਰਨਾ ਚਾਹੁੰਦੇ ਐ। ਅੰਗਰੇਜ਼ਾਂ ਦੀ ਖੋਟੀ ਨੀਅਤ, 'ਪਾੜੋ ਤੇ ਰਾਜ ਕਰੋ' ਵਾਲਾ ਪਰਸਰਾਮੀ ਕੁਹਾੜਾ, ਬ੍ਰਾਹਮਣਵਾਦ ਦੇ ਹੱਥ ਆ ਗਿਆ ਹੈ। ਕੁਝ ਕੌਟੱਲਿਆ ਚਾਲਾਂ ਨੇ ਤਿੱਖਾ ਕਰ ਦਿੱਤਾ ਹੈ। ਕੁਝ ਪ੍ਰਦੇਸਾਂ ਨੂੰ ਭਜਾ ਦਿੱਤੇ ਜਾਣਗੇ ਤੇ ਬਾਕੀਆਂ ਨੂੰ ਆਪਣੀ ਸੇਵਾ ਵਿਚ ਲਾ ਲੈਣਗੇ। ਥੱਕੇ ਹਾਰੇ ਮਿਹਨਤੀ ਭਰਾਵੋ! ਤੁਸੀਂ ਉਨ੍ਹਾਂ ਭੁੱਖੇ ਗਦਾਰਾਂ ਬਘਿਆੜਾਂ ਤੋਂ ਬਚਾਅ ਭਾਲਦੇ ਹੋ; ਜਿਨ੍ਹਾਂ ਤੁਹਾਡੀ ਮਿਹਨਤ ਹੀ ਨਹੀਂ ਲੁੱਟੀ, ਤੁਹਾਡੀ ਕੌਮੀ ਵਰਾਸਤ ਖਾ ਕੇ ਡਕਾਰ ਤੱਕ ਨਹੀਂ ਮਾਰਿਆ। ਤੁਸੀਂ ਇਸ ਅਸਲੀਅਤ ਨੂੰ ਕਿਉਂ ਨਹੀਂ ਸਮਝਦੇ, ਤੁਹਾਨੂੰ ਮਿਹਨਤੀ ਸੰਦ ਫੜਾ ਕੇ ਮਾਰੂ ਹਥਿਆਰਾਂ ਨਾਲ ਹੱਕਿਆ ਜਾ ਰਿਹਾ ਹੈ ਜਿਵੇਂ ਕਿਸਾਨ ਆਪਣੇ ਬਲਦਾਂ ਨੂੰ ਪੁਰਾਣੀ ਫੇਰ ਕੇ ਹੱਕਦਾ ਹੈ।

ਪਟਿਆਲੇ ਵਾਲੇ ਮਹਾਰਾਜ ਭੁਪਿੰਦਰ ਸਿੰਘ ਦੀ ਨੀਤੀ ਸੀ: ਪਹਿਲੋਂ ਪਿਆਰ

ਪੁਚਕਾਰ ਨਾਲ ਅੜਬ ਬੰਦੇ ਨੂੰ ਆਪਣੇ ਅੱਡੇ ਲਾਉਣਾ, ਜੇ ਨਾਲ ਨਾ ਤੁਰੇ, ਜ਼ਨਾਨੀ ਤੇ ਸ਼ਰਾਬ ਨਾਲ ਕਮਲਾ ਕਰ ਲੈਣਾ। ਜੇ ਫਿਰ ਵੀ ਆਕੜ ਜਾਵੇ, ਮੋਹਣੀ ਮਾਇਆ ਨਾਲ ਘੇਰ ਕੇ ਪਿੰਜਰੇ ਦਾ ਕਬੂਤਰ ਬਣਾ ਲੈਣਾ। ਗਈ ਹੱਦ, ਕੋਈ ਵੀ ਵਾਹ ਨਾ ਚੱਲੇ, ਤਾਂ ਚੱਡੇ ਪਾੜ ਸਖਤੀ ਨਾਲ ਮੰਨੇ ਕਾ ਸਿੱਖ ਬਣਾ ਧਰਨਾ। ਪਰ ਸਾਡੇ ਅਕਾਲੀ ਭਰਾ, ਬਾਂਦਰ ਖਿੱਲਾਂ, ਫੋਕੀ ਵਡਿਆਈ ਨਾਲ ਹੀ ਢੋਲ ਫੂੰਕਾਰੇ ਗਜਾਉਣ ਲੱਗ ਪੈਂਦੇ ਐ। ਤੇ ਕਾਂਗਰਸੀ ਕਾਲੇ ਕਾਵਾਂ, ਕੋਈ ਦਾਅ ਫਰੇਬ ਛੱਡਿਆ ਈ ਨਹੀਂ। ਪੰਜਾਬ ਦੇ ਲੋਕਾਂ ਨਾਲ ਇਹ ਨਿਰੀਆਂ ਦਾਅ ਫਰੇਬੀਆਂ ਕਰਦੇ ਐ ਤੇ ਦਿੱਲੀ ਦੇ ਹੱਥ ਬੰਨ, ਗੁਲਾਮ ਬਣਦੇ ਨੀਵੀਂ ਤੱਕ ਨਹੀਂ ਚੁੱਕਦੇ। ਇਨ੍ਹਾਂ ਵਿਚ ਹਿੰਮਤ ਨਹੀਂ, ਆਪਣੀ ਮਰਜ਼ੀ ਦਾ ਮੁੱਖ ਮੰਤਰੀ ਆਪਣੇ ਕੌਮੀ ਘਰ ਬਣਾ ਲੈਣ। ਦੇਖੋ ਲੋਹੜਾ, ਚੁਣਦੇ ਐਮ.ਐਲ.ਏ. ਐ ਪੰਜਾਬ ਦੇ ਲੋਕ; ਪਰ ਹੱਥ ਬੰਨ੍ਹ ਗੁਲਾਮ ਬਣ ਜਾਂਦੇ ਐ ਕੇਂਦਰੀ ਬ੍ਰਾਹਮਣਵਾਦ ਦੇ। ਬ੍ਰਾਹਮਣਵਾਦ ਦਾ ਨੀਤੀ ਸ਼ਾਸਤਰ ਇਸ ਚਾਬਕ ਫੇਰੂ ਨੀਤੀ ਨਾਲ ਪਹਿਲੋਂ ਸਾਰੀ ਆਕੜ ਫਾਕੜ ਕੱਢ ਕੇ ਗੁਲਾਮ ਬਣਾਉਂਦਾ ਹੈ ਤੇ ਫਿਰ ਸਾਡੀਆਂ ਹੀ ਵਜ਼ੀਰੀਆਂ ਦੇ ਕੇ ਸਾਨੂੰ ਢੱਗਿਆਂ ਵਾਂਗ ਵਫਾਦਾਰੀ ਨਾਲ ਆਪਣੇ ਹੇਠਾਂ ਵਗਣਾ ਸਿਖਾਉਂਦਾ ਹੈ। ਬੇਅਣਖੇ ਪੰਜਾਬੀ ਕਾਂਗਰਸੀਓ! ਬ੍ਰਾਹਮਣਵਾਦ, ਜ਼ਿੰਦਾਬਾਦ ਆਖੋ ਤੇ ਝੰਡੀ ਵਾਲੀਆਂ ਫਾਰਨ ਦੀਆਂ ਕਾਰਾਂ ਤੇ ਅਨੰਦ ਨਾਲ ਢਾਣੇ ਲਵੋ।

ਬਾਪੂ ਪੰਜਾਬ, ਤਰਦਾ ਤਰਦਾ ਲਹੂ ਤਾਂ ਤੇਰਾ ਰਾਖਸ਼ਾਂ ਪੀ ਲਿਆ, ਮੋਟਾ ਮਾਸ ਸਾਰਾ ਆੜ੍ਹਤੀਆਂ, ਸ਼ਾਹੂਕਾਰਾਂ ਤੇ ਬੈਂਕਾਂ ਛਕ ਲਿਆ ਪਰ ਹਾਲੇ ਹੱਡੀਆਂ ਜ਼ਾਲਮਾਂ, ਅਗਾਂਹ ਕੰਮ ਆਉਣ ਲਈ ਬਾਕੀ ਛੱਡ ਰੱਖੀਆਂ ਹਨ ਕਿਉਂਕਿ ਐਨਾ ਸਸਤਾ ਵਗਾਰੀ ਹੋਰ ਕਿਤੋਂ ਮਿਲਣਾ ਨਹੀਂ। ਇਸ ਲਈ ਆਪਣਾ ਸ਼ਾਹੀ ਕਾਰੋਬਾਰ ਚਲਦਾ ਰੱਖਣ ਲਈ ਤੈਨੂੰ ਤਸੀਹੇ ਦੇ ਕੇ ਵੀ ਜ਼ਿੰਦਾ ਰੱਖਿਆ ਜਾ ਰਿਹਾ। ਓਏ ਭੋਲੇ ਕਾਮਿਆ, ਤੇਰੀ ਅਣਖ ਕਿੱਥੇ ਮਰ ਗਈ? ਤੂੰ ਅੱਜ ਵਾਂਗ ਅਨੇਕਾਂ ਵਾਰ ਵੱਢਿਆ ਟੁੱਕਿਆ ਗਿਆ ਏਂ। ਪਰ ਹਰ ਕਤਲਾਮ ਪਿੱਛੋਂ ਬਲਕਾਰਦਾ ਵੀ ਰਿਹਾ ਏਂ। ਤੈਨੂੰ ਤੇਰੇ ਹੀ ਗਦਾਰ ਭਰਾ, ਧੋਖਾ ਦੇ ਦੇ ਲੁਟਾਉਂਦੇ ਤੇ ਨੰਗ ਕਰਵਾਉਂਦੇ ਰਹੇ ਐ। ਤੇਰੀ ਲੁੱਟੀ ਜਾਂਦੀ ਮਿਹਨਤ, ਤੇਰੀਆਂ ਸਖਤ ਹੱਡੀਆਂ ਤੱਕ ਖਾਰ ਦੇਵੇਗੀ। ਤੂੰ ਆਪਣੇ ਤਾਰੀਖੀ ਸੂਰਮਿਆਂ ਵਾਂਗ ਕਿਉਂ ਨਹੀਂ ਬਲਕਾਰਦਾ? ਯਾਦ ਰੱਖ, ਸ਼ਾਹੀ ਤੇ ਸਰਮਾਏਦਾਰੀ ਮਰਨ ਮਾਰਨ ਤੇ ਆਏ ਬਾਗੀ ਤੋਂ ਪਾਸਾ ਵੱਟ ਜਾਂਦੀ ਹੈ। ਤੇਰੇ ਜ਼ਖਮਾਂ ਦੀ ਲਲਕਾਰ ਨੇ ਦੁਸ਼ਮਣ ਨੂੰ ਮੈਦਾਨੋਂ ਭਜਾਇਆ ਏ। ਤੇਰੀ ਸੁੱਤੀ ਬਲਕਾਰ ਬਭ ਕਿਉਂ ਨਹੀਂ ਅੰਗੜਾਈ ਭਰਦੀ। ਤੇਰੇ ਜ਼ਖਮਾਂ ਦੀ ਲਲਕਾਰ ਨੇ ਵੈਰੀ ਨੂੰ

ਮੈਦਾਨੋਂ ਖਦੇੜਿਆ ਹੈ। ਪਰ ਤੇਰੇ ਹੀ ਭਰਾ ਦੁਸ਼ਮਣ ਦੇ ਹੱਥ ਠੋਕੇ ਬਣੇ ਤੈਨੂੰ ਹਰ ਵਾਰ ਮਰਵਾਉਂਦੇ ਰਹੇ ਐ। ਤੇਰੀ ਦਸਾਂ ਨਹੁੰਆਂ ਦੀ ਕਿਰਤ ਸੋਨਾ, ਤੇਰਾ ਸੱਚ ਗੁਰੂ ਦਾ ਅਸ਼ੀਰਵਾਦ ਤੇ ਤੇਰਾ ਆਪਾ ਲੋਕਾਂ ਦਾ ਸੁੱਚਾ ਸੇਵਕ ਹੈ। ਹੁਣ ਤੱਕ ਹਕੂਮਤੀ ਜਬਰ ਨੇ ਤੇਰੀ ਕਿਰਤ ਕਮਾਈ ਤੇ ਸ੍ਵੈਮਾਨ ਨੂੰ ਬੰਦੂਕਾਂ ਦੀ 'ਠਾਹ ਠਾਹ' ਨੇ ਲੁੱਟਿਆ ਤੇ ਨਿਸਾਲਿਆ ਹੈ ਅਤੇ ਧੱਕੇ ਨਾਲ ਅੱਗੇ ਤੋਰਿਆ ਹੈ। ਮੈਂ ਹੈਰਾਨ ਆਂ, ਤੇਰਾ ਤਾਰੀਖੀ ਗੌਰਵ ਕਿੱਥੇ ਮਰ ਗਿਆ?

ਕਮਾਵੇ ਕੋਈ, ਖਾਵੇ ਤੇ ਐਸ਼ਾਂ ਲੁੱਟੇ ਕੋਈ ਦੀ ਲਾਹਨਤ; ਸਾਰੇ ਸਿਆਪਿਆਂ ਦੀ ਜੜ੍ਹ ਹੈ। ਹਰ ਲਾਹਨਤ ਵਿਰੋਧ ਦਾ ਭਾਂਬੜ ਉਠਾਲਦੀ ਹੈ। ਫਿਰ ਮਜਬੂਰੀ ਮੂੰਹ ਬਗਾਵਤਾਂ, ਜੰਗਾਂ ਤੇ ਖੂਨੀ ਵਾਰਦਾਤਾਂ ਦੀ ਗੂੰਜ ਚੁਫੇਰੇ ਉੱਠ ਪੈਂਦੀ ਹੈ। ਅਨਰਥ ਆਪਣੇ ਅੰਤ ਤੇ ਆ ਜਾਂਦਾ ਹੈ। ਜਾਬਰ ਵਿਹਲੜ ਕਾਮੇ ਭਰਾ ਨੂੰ ਖੁਦਕਸ਼ੀਆਂ ਦੇ ਰਾਹ ਪਾਉਂਦੇ ਹਨ। ਸੰਤ ਲਾਣਾ, ਨਿਹੰਗ ਸਿੰਘ, ਕੁੜੀ ਮੁੰਡਾ ਨਚਾਉਣ ਵਾਲੇ ਅਤੇ ਫਾਲਤੂ ਸੰਸਥਾਵਾਂ ਬਣਾ ਕੇ, ਮਿਹਨਤ ਤੇ ਡਾਕੇ ਮਾਰਨ ਵਾਲੇ ਸਾਰੇ ਫੜ ਕੇ ਕਾਂਜੀ ਹਾਊਸ ਦੇਣ ਵਾਲੇ ਹਨ। ਹਰ ਕਾਮਾ ਭਰਾ ਦੂਜੇ ਦੀ ਮਦਦ ਲਈ ਸੰਦਾਂ ਦੀ ਢਾਲ ਬਣ ਕੇ ਬਹੁੜਦਾ ਰਿਹਾ ਹੈ। ਹਰ ਛਿੜੀ ਜੰਗ ਨੇ ਹਾਰ ਜਿੱਤ ਵਿਚ ਖਤਮ ਹੋਣਾ ਹੁੰਦਾ ਹੈ। ਵਿਰੋਧ ਕੁਝ ਸਮੇਂ ਲਈ ਨਰਮ ਜ਼ਰੂਰ ਪੈ ਜਾਂਦਾ ਹੈ; ਪਰ ਮਰਦਾ ਕਦੇ ਨਹੀਂ; ਭੁੱਖੇ ਤੇ ਆਫਰੇ ਰੱਜ ਵਿਚਕਾਰ ਜੰਗ, ਮੁੱਢ ਕਦੀਮ ਤੋਂ ਜਾਰੀ ਰਹੀ ਹੈ। ਇਕ ਦੀ ਜਿੱਤ ਕੁਝ ਸਮੇਂ ਲਈ ਸ਼ਾਂਤੀ ਨੂੰ ਠੱਲ੍ਹ ਜ਼ਰੂਰ ਪਾਉਂਦੀ ਹੈ; ਪਰ ਇਹ ਸ਼ਾਂਤੀ ਅਗਲੇ ਭੁੱਖ-ਭੇੜ ਲਈ ਤਿਆਰੀ ਕਰ ਰਹੀ ਹੁੰਦੀ ਐ। ਭੁੱਖ ਤੇ ਰੱਜ ਹੀ ਨੇਕੀ ਬਦੀ ਦੀਆਂ ਮਾਵਾਂ ਹਨ। ਇਹ ਮਾਵਾਂ ਮਤੇਰ ਦੁਸ਼ਮਣ ਭੈਣਾਂ ਵੀ ਹਨ; ਅਥਵਾ ਕੁਦਰਤ ਦਾ ਦੋਧਾਰਾ ਵਰਤਾਅ। ਸੰਦ ਜ਼ਿੰਦਗੀ ਦਾ ਵਫਾਦਾਰ ਪੈਦਾਵਾਰੀ ਸਾਥੀ ਰਿਹਾ ਹੈ ਤੇ ਹਥਿਆਰ ਪੈਦਾਵਾਰ ਲਈ ਕਾਲ ਚੱਕਰ। ਇਨ੍ਹਾਂ ਦੋਹਾਂ ਸ਼ਕਤੀਆਂ ਦਾ ਗਿਆਨ ਭਰਾ, ਸੱਜਾ ਖੱਬਾ ਹੱਥ ਖੜ੍ਹਾ ਕਰਕੇ ਖੂਨੋ-ਖੂਨ ਹੋਣੋਂ ਰੋਕਦਾ ਹੈ। ਕੁਝ ਸਮੇਂ ਲਈ ਸ਼ਾਂਤੀ ਮੁੜ ਸਥਾਪਤ ਹੋ ਜਾਂਦੀ ਹੈ ਪਰ 'ਹਾਂ' ਤੇ 'ਨਾਂਹ' ਦੀ ਲੜਾਈ ਕਦੇ ਬੰਦ ਨਹੀਂ ਹੋਈ। ਇਹ ਕੁਦਰਤ ਦਾ ਅਨਾਦੀ ਖੇਲ ਵਰਤਾਰਾ ਹੈ। ਸ਼ਾਂਤੀ ਵਿਚ ਲੜਾਈ ਦੀ ਤਿਆਰੀ ਹੋ ਰਹੀ ਹੁੰਦੀ ਐ। ਫਿਰ ਲੜਾਈ ਅਥਵਾ ਇਨਕਲਾਬ ਲਾਜ਼ਮੀ ਅੱਗੇ ਆਉਂਦਾ ਹੈ। ਕੁਦਰਤ ਦੇ ਇਸ ਸੁਭਾਅ ਨੂੰ ਥੋੜਾ ਬਹੁਤ ਸਮਝ ਕੇ ਕੁਝ ਸਮੇਂ ਲਈ ਟਾਲਿਆ ਜਾ ਸਕਦਾ ਹੈ ਪਰ ਰੋਕਿਆ ਕਤਈ ਨਹੀਂ ਜਾ ਸਕਦਾ। ਸੋ ਕਾਮੇ ਮਨੁੱਖ ਦੀ ਹੱਡ ਬੀਤੀ ਤਾਰੀਖ ਦੱਸਦੀ ਹੈ, ਕੁਦਰਤ ਨੂੰ ਜਿਵੇਂ ਜਿਵੇਂ ਕਮਾਵੋਗੇ, ਗਿਆਨ ਰਾਹੀਂ ਸੁੱਖ ਦੀ ਪ੍ਰਾਪਤੀ ਹੋਵੇਗੀ। ਹਾਂ, ਪ੍ਰਾਪਤੀ

ਦੇ ਯਤਨ ਜਾਰੀ ਰਹਿਣੇ ਚਾਹੀਦੇ ਹਨ। ਹੁਣ ਤੱਕ ਦਾ ਵਿਕਾਸ ਲਗਾਤਾਰ ਮਿਹਨਤ ਦਾ ਸਿੱਟਾ ਹੈ।

ਦੁਸ਼ਮਣ ਦੇ ਤੇਜ਼ ਹਥਿਆਰਾਂ ਨੂੰ ਕਾਮੇ ਮਨੁੱਖ ਦੇ ਪੈਦਾਵਾਰੀ ਸੰਦ, ਉਦੋਂ ਹੀ ਹਰਾ ਸਕਣਗੇ; ਜਦੋਂ ਦੁਸ਼ਮਣ ਨਾਲ ਜੁੜੇ ਤੁਹਾਡੇ ਭਰਾਵਾਂ ਨੂੰ ਸਹੀ ਸੋਝੀ ਆ ਜਾਵੇਗੀ। ਭਰਾਤਰੀ ਮੁਹੱਬਤ ਤੋਂ ਦੂਰ ਗਏ ਭਰਾਵਾਂ ਨੂੰ ਇਹ ਅਹਿਸਾਸ ਕਰਾਉਣਾ ਜ਼ਰੂਰੀ ਹੈ: ਦੁਸ਼ਮਣ ਦੀਆਂ ਜੂਠੀਆਂ ਹੱਡੀਆਂ ਚੂਸ ਕੇ ਭਰਾਵਾਂ ਨਾਲ ਗਦਾਰੀ ਨਾ ਕਰੋ; ਸਗੋਂ ਸੱਚੇ ਸਾਥੀ ਬਣ ਕੇ ਮਿਹਨਤ ਦਾ ਹੱਕ ਹਲਾਲ ਵੰਡ ਕੇ ਛਕੋ। ਆਓ ਮਿਹਨਤ ਦੇ ਸਾਂਝੇ ਲੰਗਰ ਨੂੰ ਸਰਬਤ ਦੀ ਅਮਾਨਤ ਬਣਾਈਏ। ਰਲ ਜੁੜ ਕੇ ਭਰਾਵੀਂ ਕੀਤੀ ਮਿਹਨਤ ਤੇ ਸਾਂਝ ਨਾਲ, ਦੁਸ਼ਮਣ ਨੂੰ ਮੈਦਾਨੋਂ ਉਖੇੜਿਆ ਜਾ ਸਕਦਾ ਹੈ, ਗਲਤ ਫਹਿਮੀਆਂ ਵਾਲੇ ਲਾਰੇ ਹਾਲੇ ਤੁਹਾਨੂੰ ਸਕੇ ਸੋਦਰਿਆਂ ਤੋਂ ਤੋੜੀ; ਭਰਾਵਾਂ ਨੂੰ ਹੀ ਦੁਸ਼ਮਣ ਬਣਾਈ ਬੈਠੇ ਐ। ਵਿਰੋਧ ਨੂੰ ਹੋਰ ਤਿੱਖਾ ਕਰ ਕਰ, ਭਰਾਵਾਂ ਵਿਚ ਹੀ ਜੰਗਾਂ ਛੇੜ ਛੇੜ ਮਰਵਾਈ ਜਾ ਰਹੇ ਹਨ। ਦੁਸ਼ਮਣ ਹੁਸ਼ਿਆਰ ਹੈ, ਉਹ ਕਾਮੀ ਜਮਾਤ ਨੂੰ ਹਥਿਆਰਾਂ ਨਾਲ ਹੀ ਨਹੀਂ, ਅਕਲ ਨਾਲ ਵੀ ਮਾਰਦਾ ਲਿਤਾੜਦਾ ਹੈ। ਭੁੱਖ, ਸਭ ਤੋਂ ਬੁਰੀ ਬਲਾ, ਜਿਹੜੀ ਭਰਾਵਾਂ ਨੂੰ ਦੁਸ਼ਮਣ ਬਣਾ ਬਣਾ ਮਾਰਦੀ ਹੈ। ਭਾਰੇ ਕੰਮਾਂ ਵਿਚ ਥੱਕਿਆਂ ਟੁੱਟਿਆਂ ਨੂੰ ਭਾਣੇ ਵਰਤ ਜਾਣ ਪਿੱਛੋਂ ਅਕਲ ਆਉਂਦੀ ਐ। ਪਰ ਸਿਰੜੀ ਸੂਰਮੇ ਭੁੱਖਾਂ ਦੁੱਖਾਂ ਤੋਂ ਛੁਟਕਾਰੇ ਤੇ ਮੁਕਤੀ ਦੇ ਰਾਹ ਲੱਭ ਹੀ ਲੈਂਦੇ ਹਨ ਪਰ ਦੁਸ਼ਮਣ ਦੀ ਨਵੀਂ ਤੋਂ ਨਵੀਂ ਚਾਲ ਨੂੰ ਵੀ ਸਹਿੰਦੜ ਕਿਰਤੀ ਭਾਂਪ ਲੈਂਦੇ ਹਨ। ਕਿਸਮਤਾਂ ਘੜਨ ਵਾਲੀ ਗਿਆਨ ਸ਼ਕਤੀ ਨੂੰ ਦੁਸ਼ਮਣ ਕਾਮੇ ਭਰਾਵਾਂ ਤੋਂ ਸੌ ਕੋਹ ਦੂਰ ਰੱਖਦਾ ਹੈ। ਤਿਹਾਏ ਕਾਂ ਨੇ ਪੱਥਰ ਰੋੜੇ ਸੁੱਟ ਸੁੱਟ, ਘੜੇ ਦੇ ਥੱਲੇ ਗਿਆ ਪਾਣੀ ਗਲ ਤੱਕ ਲੈ ਆਂਦਾ ਸੀ। ਇਸ ਤਰ੍ਹਾਂ ਲਗਾਤਾਰ ਜੱਦੋ-ਜਹਿਦ ਕਰਨ ਵਾਲਿਆਂ ਦੀ ਅਕਲ ਦੇ ਸੰਦ, ਆਖਰ ਨੂੰ ਦੁਸ਼ਮਣ ਦੇ ਹਥਿਆਰ ਨੀਵੇਂ ਕਰਵਾ ਹੀ ਲੈਂਦੇ ਹਨ। ਇਹ ਇਤਿਹਾਸ ਦਾ ਅਜ਼ਮਾਇਆ ਤੇ ਪਰਤਿਆਇਆ ਜੇਤੂ ਸੱਚ ਹੈ। ਜਿਹੜਾ ਗੁਲਾਮਾਂ, ਕਾਮਿਆਂ ਤੇ ਮਜ਼ਲੂਮਾਂ ਦੀ ਆਜ਼ਾਦੀ ਦਾ ਇਕੋ ਇਕ ਨਿਖਰ ਚੁੱਕਾ ਮਾਰਗ ਦਰਸ਼ਨ ਕਰਦਾ ਹੈ। ਇਸ ਗਿਆਨ ਨੂੰ ਪੱਲੇ ਬੰਨੋ, "ਸੰਦ ਉਸਾਰਦਾ ਹੈ ਤੇ ਹਥਿਆਰ ਢਾਹੁੰਦਾ ਹੈ।"

ਲਓ ਹੁਣ ਲਗਦੇ ਹੱਥ ਬੇਗਾਨੀ ਸ਼ਹਿ ਤੇ ਫੰਨੇ ਖਾਂ ਬਣੀ ਪੰਜਾਬ ਕਾਂਗਰਸ ਦੀਆਂ ਕਾਰਗੁਜ਼ਾਰੀ, ਕਰਤੂਤਾਂ ਤੇ ਗਦਾਰੀਆਂ ਦੀ ਹੱਡ ਬੀਤੀ ਵੀ ਸੁਣ ਲਵੋ। ਜਿਹੜੇ ਸਾਡੇ ਈ ਭਰਾ, ਦੁਸ਼ਮਣ ਦੇ ਹੱਥ ਠੋਕੇ ਨਹੀਂ; ਤੇਜ਼ਧਾਰ ਟੋਕੇ ਬਣੇ ਹੋਏ ਐ। ਕਾਂਗਰਸ ਦਾ ਮੁੱਢ ਬੰਨਣ ਵਾਲੇ ਹਿਊਮ ਤੇ ਉਸ ਪਿੱਛੋਂ ਐਨੀਖਬਸੰਟ ਅੰਗਰੇਜ਼

ਸਨ। ਆਜ਼ਾਦੀ ਦੀ ਲਹਿਰ, ਗਦਰ ਵਰਗੀ ਆਫਤ ਤੋਂ ਡਰਦਿਆਂ ਅੰਗਰੇਜ਼ਾਂ ਨੇ ਕਾਂਗਰਸ ਜਮਾਤ ਖੜੀ ਕਰ ਲਈ; ਜਿਸ ਵਿਚ ਪਹਿਲੋਂ ਅੰਗਰੇਜ਼ ਨੇ ਆਪਣੇ ਕਲਰਕ ਆਦਿ ਭਰਤੀ ਕੀਤੇ ਸਨ। ਜਿਨ੍ਹਾਂ ਆਜ਼ਾਦੀ ਦੇ ਨਾਅਰੇ-ਲਾਰੇ ਨਾਲ ਲੋਕਾਂ ਦਾ ਧਿਆਨ ਤੇ ਰੋਹ ਸਾਂਭੀ ਰੱਖਿਆ ਤੇ ਲੋਕਾਂ ਨੂੰ ਹਥਿਆਰਬੰਦ ਆਜ਼ਾਦੀ ਦੇ ਰਾਹ ਪੈਣ ਹੀ ਨਹੀਂ ਦਿੱਤਾ। ਪਹਿਲੀ ਸੰਸਾਰ ਜੰਗ ਪਿੱਛੋਂ ਅੰਗਰੇਜ਼ ਸਾਮਰਾਜ ਨੇ ਦੇਸ ਨੂੰ ਆਜ਼ਾਦ ਤਾਂ ਕੀ ਕਰਨਾ ਸੀ, ਆਜ਼ਾਦੀ ਦੀ ਭਵਕਾਰ ਨੂੰ ਦਬਾਉਣ ਲਈ ਜਲ੍ਹਿਆਂ ਵਾਲੇ ਬਾਗ ਵਿਚ ਜਲਸਾ ਕਰਦੇ ਨਿਹੱਥੇ ਹਜ਼ਾਰਾਂ ਲੋਕਾਂ ਨੂੰ ਗੋਲੀਆਂ ਨਾਲ ਭੁੰਨ ਸੁੱਟਿਆ। ਫਿਰ ਰੋਲਟ ਐਕਟ ਵਰਗੇ ਸਖਤ ਕਾਨੂੰਨ ਅੱਗੇ ਲੈ ਆਂਦੇ। ਹਿੰਦੁਸਤਾਨ ਨੂੰ ਗੁਲਾਮ ਬਣਾਈ ਬੈਠੀ ਅੰਗਰੇਜ਼ ਸਰਕਾਰ, ਵਿਰੋਧ ਦਾ ਭਾਂਬੜ ਵੇਖ ਕੇ ਘਬਰਾ ਗਈ। ਇਸ ਤੱਤੇ ਤਾਅ ਉੱਠੇ ਲਾਂਬੂ ਨੂੰ ਮਹਾਤਮਾ ਗਾਂਧੀ ਨੇ ਸਤਿ ਅਹਿੰਸਾ ਦੇ ਠੰਢੇ ਪਾਣੀ ਦੇ ਛਿੱਟੇ ਮਾਰ ਮਾਰ ਸ਼ਾਂਤ ਕਰ ਲਿਆ।

"ਲੋਕੋ ਹਿੰਸਾ ਤੋਂ ਸੰਕੋਚ ਕਰੋ, ਸਾਡੀ ਅੰਗਰੇਜ਼ ਗੌਰਮਿੰਟ ਨਾਲ ਆਜ਼ਾਦੀ ਦੀ ਗੱਲ ਚੱਲ ਰਹੀ ਹੈ।"

ਪਰ ਪੰਜਾਬ ਤੇ ਬੰਗਾਲ ਬੁਰੀ ਤਰ੍ਹਾਂ ਇਨਕਲਾਬੀ ਤਾਅ ਵਿਚ ਆਏ ਹੋਏ ਸਨ। ਪੰਜਾਬ ਤੇ ਬੰਗਾਲ ਅੰਗਰੇਜ਼ਾਂ ਵਿਰੁੱਧ ਸਿੱਧੀ ਟੱਕਰ ਲਈ ਹੱਥਾਂ 'ਚ ਥੁੱਕੀ ਬੈਠਾ ਸੀ। ਉਨ੍ਹਾਂ ਦੇ ਬਾਗੀ ਰੋਹ ਨੂੰ, ਚੌਦਾਂ-ਪੰਦਰਾਂ ਦੇ ਗਦਰੀ ਬਾਬਿਆਂ ਦੀਆਂ ਤਰਾਨਮੇਂ ਫਾਂਸੀ ਭੜਥੂ ਪਾ ਰਹੀਆਂ ਸਨ। ਜਿਵੇਂ ਕਿਵੇਂ ਮਹਾਤਮਾ ਗਾਂਧੀ ਦੀ ਸਤਿ ਅਹਿੰਸਾ ਨੇ ਉੱਠਦੀ ਇਨਕਲਾਬੀ ਲਹਿਰ ਨੂੰ ਠਰਦੀ ਕਰ ਲਿਆ। ਪਰ ਬੱਬਰ ਅਕਾਲੀਆਂ, ਸ. ਭਗਤ ਸਿੰਘ ਤੇ ਉਸ ਦੇ ਸਾਥੀਆਂ ਦੀਆਂ ਫਾਂਸੀਆਂ ਨੇ ਬਲਦੀ ਉੱਤੇ ਹੋਰ ਤੇਲ ਪਾ ਦਿੱਤਾ। ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਮਾਰਦੀ ਸ. ਭਗਤ ਸਿੰਘ ਦੀ ਕੁਰਬਾਨੀ ਨੇ, ਗਾਂਧੀ ਦੀ ਬੁਜ਼ਦਿਲੀ ਵਾਲੀ ਸ਼ਾਂਤੀ ਚੱਜ ਨਾਲ ਹੀ ਨੰਗੀ ਕਰ ਦਿੱਤੀ।

ਕਿਉਂਕਿ ਕਾਂਗਰਸ ਅੰਗਰੇਜ਼ਾਂ ਦੇ ਕਲਰਕਾਂ ਬਾਬੂਆਂ ਦੀ ਜਮਾਤ ਤੋਂ ਤੁਰ ਕੇ, ਗਾਂਧੀ ਦੀ ਸ਼ਾਂਤੀ ਤੱਕ ਆਈ ਸੀ। ਜਿਸ ਦੀ ਜੱਦੋ-ਜਹਿਦ ਵਿਚ ਜਾਨ ਦਾ ਖਤਰਾ ਕੋਈ ਨਹੀਂ ਸੀ। ਗਾਂਧੀ ਇਨਕਲਾਬੀ ਰਾਹ ਤੋਂ ਦੂਰ ਭੱਜਦਾ ਸੀ। ਗਾਂਧੀ ਦੀ ਸ਼ਾਂਤ ਬੁਜ਼ਦਿਲੀ ਵਾਲੀ ਦਲੀਲ ਸੀ:

"ਅੰਗਰੇਜ਼ੋ! ਰਾਜ ਭਾਗ ਸਾਨੂੰ ਕਾਂਗਰਸ ਨੂੰ ਸੌਂਪ ਦਿਓ ਤੇ ਹਿੰਦੁਸਤਾਨ ਦੇ ਕਰੋੜਾਂ ਲੋਕਾਂ ਨੂੰ ਆਪਣੇ ਵਪਾਰ ਰਾਹੀਂ ਨਸ਼ੰਗ ਲੁੱਟੀ ਜਾਓ। ਨਹੀਂ, ਲੋਕਾਂ ਦੇ ਇਨਕਲਾਬ ਨਾਲ ਤੁਸੀਂ ਮਾਰੇ ਹੀ ਨਹੀਂ ਜਾਓਗੇ; ਸਗੋਂ ਵਪਾਰ ਵਿਚ ਲੱਗਾ

ਤੁਹਾਡਾ ਅਰਬਾਂ ਰੁਪਿਆ ਵੀ ਤਬਾਹ ਹੋ ਜਾਵੇਗਾ। ਅਸੀਂ ਕਾਂਗਰਸੀ ਤੁਹਾਡੇ ਵਪਾਰ ਵਿਚ ਲੱਗੇ ਸਰਮਾਏ ਦੀ ਪੂਰੀ ਜ਼ਿੰਮੇਵਾਰੀ ਨਾਲ ਰਾਖੀ ਕਰਾਂਗੇ। ਤੇ ਇਉਂ ਵੱਡੇ ਛੋਟੇ ਬਦਮਾਸ਼ ਲੁਟੇਰਿਆਂ ਵਿਚ ਪੱਕਾ ਯਰਾਨਾ ਹੋ ਗਿਆ।

ਇਕ ਬਦਮਾਸ਼ ਨੇ ਚੁਸਤੀ ਨਾਲ ਲੋਕਾਂ ਨੂੰ ਧੋਖਾ ਦੇ ਕੇ ਰਾਜ ਸਾਂਭ ਲਿਆ ਤੇ ਦੂਜੇ ਨੇ ਵਪਾਰ ਦੀ ਲੁੱਟ ਨਾਲ ਹੱਥ ਰੰਗ ਲਏ। ਪਰ ਕਿਸਾਨ ਮਜ਼ਦੂਰ ਆਜ਼ਾਦੀ ਲਈ ਫਾਂਸੀਆਂ, ਜੇਲ੍ਹਾਂ ਝਲਦੇ ਰਹੇ ਤੇ ਗੋਲੀਆਂ ਖਾਂਦੇ ਰਹੇ ਤੇ ਕਾਲੇ ਪਾਣੀਆਂ ਵਿਚ ਜਵਾਨੀਆਂ ਗਾਲਦੇ ਬੁੱਢੇ ਹੁੰਦੇ ਰਹੇ। ਹੋਰ ਅਸਚਰਜ ਵੇਖੋ, ਲੋਕਾਂ ਦੀ ਆਜ਼ਾਦੀ ਨਾਲ ਠੱਗੀ ਮਾਰਨ ਵਾਲਿਆਂ ਦੀਆਂ ਸਰਕਾਰੀ ਬਰਸੀਆਂ ਮਨਾਈਆਂ ਜਾਂਦੀਆਂ ਹਨ। ਉਨ੍ਹਾਂ ਦੇ ਨਾਵਾਂ ਦੇ ਸਿੱਕੇ ਚਲਦੇ ਹਨ। ਸੜਕਾਂ ਦੀਆਂ ਪਲੇਟਾਂ ਲਟਕਾਈਆਂ ਜਾਂਦੀਆਂ ਹਨ। ਆਜ਼ਾਦੀ ਲਈ ਫਾਂਸੀਆਂ ਚੜ੍ਹਨ ਵਾਲਿਆਂ ਤੇ ਕਾਲੇ ਪਾਣੀਆਂ ਦੇ ਕਸ਼ਟ ਝੱਲਣ ਵਾਲਿਆਂ ਦਾ ਇਤਿਹਾਸ ਵਿਚੋਂ ਨਾਂ ਹੀ ਗੁੰਮ ਕੀਤਾ ਜਾ ਰਿਹਾ ਹੈ ਤੇ ਉਮਰ ਕੈਦਾਂ ਕੱਟਣ ਵਾਲਿਆਂ ਦੀ ਔਲਾਦ ਦੁੱਖਾਂ-ਤੰਗੀਆਂ ਦੇ ਰਾਹ ਪਾਈ ਹੋਈ ਐ। ਬੋਲੀ ਦੇ ਅਧਾਰ 'ਤੇ ਸਾਰਾ ਹਿੰਦੁਸਤਾਨ ਵੰਡਿਆ ਤੇ ਪੰਜਾਬ ਤੇ ਆ ਕੇ ਹਿੰਦੂ ਸਿੱਖ ਦਾ ਵਖਤ ਖੜਾ ਹੋ ਗਿਆ। ਹਿੰਦੂ ਸਿੱਖ ਦੀ ਗਿਣਤੀ ਦੇ ਫਿਰਕੂ ਤਨਾਸਬ ਨਾਲ ਦਸ ਜ਼ਿਲ੍ਹਿਆਂ ਦੀ ਸੂਬੀ ਸਾਡੇ ਮੱਥੇ ਮਾਰੀ; ਉਹ ਵੀ ਤੇਰਾਂ ਸਾਲਾਂ ਬਾਅਦ। ਪੰਜਾਬੀਓ ਰੋਵੋ ਆਜ਼ਾਦੀ ਲਈ ਦਿੱਤੀਆਂ ਹਜ਼ਾਰਾਂ ਕੁਰਬਾਨੀਆਂ ਨੂੰ। ਲੁੱਟ ਤੇ ਜ਼ੁਲਮ ਦੀ ਇੰਤਹਾ ਵੇਖੋ ਖਰੜ ਤਹਿਸੀਲ ਦੇ ਰਕਬੇ, ਪੰਜਾਬੀ ਰੀਜਨ ਵਿਚ ਵਸਾਈ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ-ਦਿੱਲੀ ਆਪ ਲੁੱਟ ਕੇ ਲੈ ਗਈ। ਪਨੀਰ ਪਿੱਛੇ ਲੜਕੀਆਂ ਬਿੱਲੀਆਂ ਨੂੰ ਨਿਆਂ ਦੇਣ ਵਾਲਾ ਜੱਜ ਬਾਂਦਰ ਚੁਸਤੀ ਨਾਲ ਸਾਰਾ ਪਨੀਰ ਹੀ ਖਾ ਗਿਆ। ਫਰਿਆਦੀ ਮੁਨਸਬ ਦੇ ਮੂੰਹ ਵੱਲ ਹੀ ਵੇਖਦੇ ਰਹਿ ਗਏ। 'ਆਪੇ ਮੈਂ ਰੱਜੀ ਪੁੱਜੀ, ਆਪੇ ਮੇਰੇ ਬੱਚੇ ਜਿਉਣ।'

"ਹਮਾਰੇ ਵੀ ਹੈਂ ਮਿਹਰਵਾਂ ਕੈਸੇ ਕੈਸੇ।"

ਪੰਜਾਬੀ ਸਿੱਖਾਂ ਨੂੰ ਅੰਗਰੇਜ਼ਾਂ ਤੋਂ ਬਿਨਾਂ ਹੋਰ ਰਾਜ ਵੀ ਸਾਨੂੰ ਤੀਜੀ ਕੌਮ ਮੰਨਦੇ ਸੀ। ਪਰ ਨਹਿਰੂ, ਗਾਂਧੀ ਨੇ ਸਾਨੂੰ ਕੱਚੇ ਬੇਰਾਂ ਵੱਟੇ ਵੀ ਨਾ ਕਬੂਲਿਆ; ਜਿਨ੍ਹਾਂ ਆਜ਼ਾਦੀ ਦੀ ਜੰਗ ਵਿਚ ਅੱਸੀ ਫ਼ੀਸਦੀ ਕੁਰਬਾਨੀਆਂ ਵਧ ਚੜ੍ਹ ਕੇ ਦਿੱਤੀਆਂ ਸਨ। ਹਾਲਾਂਕਿ ਮਿ. ਗਾਂਧੀ ਨੇ ਦਿੱਲੀ ਦੇ ਸੀਸ ਗੰਜ ਗੁਰਦਵਾਰੇ ਗੁਰੂ ਦੀ ਹਜ਼ੂਰੀ ਵਿਚ ਆਪ ਮੰਨਿਆ ਸੀ:-

"ਮੈਂ ਸਿੱਖਾਂ ਦੀ ਸੰਗਤ ਨਾਲ ਵਾਅਦਾ ਕਰਦਾ ਆਂ, ਤੁਹਾਡੀਆਂ ਬੇਅੰਤ ਕੁਰਬਾਨੀਆਂ ਨੂੰ ਮੁੱਖ ਰੱਖਦਿਆਂ, ਤੁਹਾਨੂੰ ਉੱਤਰੀ ਹਿੰਦੁਸਤਾਨ ਵਿਚ ਸੁਰੱਖਿਅਤ

ਅੰਦਰੂਨੀ ਖ਼ੁਦਮੁਖਤਾਰੀ ਵਾਲੀ ਸਟੇਟ, ਆਜ਼ਾਦੀ ਦਾ ਨਿੱਘ ਮਾਨਣ ਵਾਲੀ ਦਿੱਤੀ ਜਾਵੇਗੀ।"

ਇਸੇ ਗੱਲ ਦਾ ਭਰੋਸਾ ਨਹਿਰੂ ਨੇ ਵੀ ਕਲਕੱਤੇ ਤਕਰੀਰ ਕਰਦਿਆਂ ਸਿੱਖਾਂ ਨੂੰ ਦਿੱਤਾ ਸੀ। ਕਿੱਥੇ ਗਏ ਗਾਂਧੀ ਦੇ ਸਤਿ ਵਚਨ, ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਮਣੇ ਦਿੱਤੇ ਸੀ? ਨਹਿਰੂ ਤਾਂ ਸਿੱਧਾ ਹੀ ਝੂਠਿਆਂ ਦਾ ਸਰਦਾਰ ਨਿਕਲਿਆ। ਗਾਂਧੀ, ਨਹਿਰੂ ਦੇ ਝੂਠੇ ਲਾਰਿਆਂ ਤੇ ਮਾ. ਤਾਰਾ ਸਿੰਘ ਤੇ ਬਲਦੇਵ ਸਿੰਘ ਦੀਆਂ ਲਾਲਚੀ ਗਦਾਰੀਆਂ ਨੇ ਬਹਾਦਰ ਸਿੱਖ ਕੌਮ ਦੇ ਗਲ ਗੁਲਾਮੀ ਦੇ ਸੰਗਲ ਬੰਨ ਦਿੱਤੇ। ਨਾ ਲੋਹ-ਸੰਗਲ ਟੁੱਟਣ ਤੇ ਨਾ ਸਾਹ ਸੁਖਾਲਾ ਆਵੇ। ਯੂ.ਐਨ.ਓ. ਦੀ ਸੰਸਾਰ ਘੱਟ-ਗਿਣਤੀਆਂ ਬਾਰੇ ਰੀਪੋਰਟ ਅਨੁਸਾਰ, ਹਾਲਾਤ ਇਹ ਬਣਦੇ ਜਾ ਰਹੇ ਹਨ : ਹੋਰ ਪੰਜਾਹ ਸੱਠ ਸਾਲ ਤੱਕ, ਸਿੱਖ ਭਾਲੇ ਵੀ ਨਾ ਮਿਲਣ। ਕੁਝ ਸਮੇਂ ਲਈ ਗੁਰਦਵਾਰਿਆਂ ਦੇ ਗ੍ਰੰਥੀ ਸ਼ਾਇਦ ਗੁਰੂ ਨੂੰ ਮੱਥਾ ਟੇਕਦੇ ਵੇਖੇ ਜਾ ਸਕਣ।

ਸਾਡੇ ਅਕਲੋਂ ਦੀਵਾਲੀਏ ਭੁੱਖੇ ਕਾਂਗਰਸੀਆਂ, ਆਪਣੀਆਂ ਹੀ ਵਜ਼ੀਰੀਆਂ ਖਾਤਰ, ਦਰਿਆਵਾਂ ਦਾ ਬੇਵਹਾ ਕੀਮਤੀ ਪਾਣੀ, ਅੰਗੂਠੇ ਲਾ ਕੇ ਮੁਫਤ ਵਿਚ ਹੀ ਦੂਜੇ ਰਾਜਾਂ ਨੂੰ ਰੋੜ੍ਹ ਦਿੱਤਾ। ਆਪਣੇ ਅੰਨ੍ਹੇਰੇ ਘਰ ਚਾਨਣ ਕਰਨ ਲਈ ਬਿਹਾਰ ਬੰਗਾਲ ਨੂੰ ਕੋਇਲਾ ਲੈਣ ਟਰੱਕ ਤੋਰ ਦਿੱਤੇ। ਮੁਸਲਮਾਨ ਧਾੜਵੀ ਦਿੱਲੀ ਲੁੱਟਦੇ ਸਨ; ਦਿੱਲੀ ਬਿੱਲੀ ਨੇ ਉਨ੍ਹਾਂ ਤੋਂ ਪੰਜਾਬ ਲੁੱਟਣ ਦਾ ਹੱਥ ਲੈ ਲਿਆ। ਪੰਜਾਬ ਦੇ ਗਦਾਰ ਕਾਂਗਰਸੀਓ, ਤੁਹਾਡੀਆਂ ਬੁਨਿਆਦੀ ਗਲਤੀਆਂ ਦੇ ਕੰਡੇ ਚੁਗਦਾ ਪੰਜਾਬ ਉਜਾੜੇ-ਉਖਾੜੇ ਦੇ ਰਾਹ ਪੈ ਚੁੱਕਾ ਹੈ। ਪੰਜਾਬ ਦੀ ਕਮਾਊ ਜਵਾਨੀ ਅਣਖਾਂ ਗੁਆ ਕੇ ਭੁੱਖ ਦੇ ਦੁੱਖੋਂ ਅੱਧ ਪਚੱਧ ਕੂਚ ਕਰ ਗਈ। ਬਾਕੀ ਦੀ ਕਿਸੇ ਵੀ ਭਾਅ ਉਜੜਨ ਲਈ ਤਿਆਰ ਬੈਠੀ ਐ। ਇਤਿਹਾਸਕ ਗਲਤੀਆਂ ਤੇ ਗਦਾਰੀਆਂ ਦੀ ਕਾਲਖ ਤੁਹਾਡੇ ਮੱਥੇ ਤੋਂ ਕਦੇ ਨਹੀਂ ਲਹਿਣੀ। ਆਪਣੀਆਂ ਹੀ ਵਜ਼ੀਰੀਆਂ ਲੈਣ ਗਏ, ਤੁਸੀਂ ਦਿੱਲੀ ਦੀ ਗੁਲਾਮੀ ਵਾਲੀ ਪੰਜਾਲੀ ਗਲ ਹਾਰਾਂ ਦੀ ਥਾਂ ਪੁਆ ਆਏ। ਅਕਲ ਤੋਂ ਖਾਲੀ ਨਮਾਣੇ ਕਾਂਗਰਸੀਓ, ਕੁਰਬਾਨੀਆਂ ਕੌਮਾਂ ਦੀਆਂ ਤਾਰੀਖੀ ਸ਼ਾਨਾਂ ਬੱਲੇ ਬੱਲੇ ਉਸਾਰਦੀਆਂ ਹਨ ਤੇ ਗਦਾਰੀਆਂ ਗਲਤੀਆਂ ਅਣਖਾਂ ਤੱਕ ਮਲੀਆਮੇਟ ਕਰ ਧਰਦੀਆਂ ਹਨ। ਅੱਜ ਪੰਜਾਬ ਆਪਣੇ ਸਕੇ ਸੋਧਰੇ ਮਾਲਕ ਖੁਣੋਂ ਰੰਡੀ ਹੋਈ, ਖੁੱਲ੍ਹੇ ਵਾਲੀਂ ਰੋਂਦੀ ਸਿਵਿਆਂ ਦੇ ਰਾਹ ਪਈ ਹੋਈ ਐ। ਪਾਣੀ ਵਾਲੀ ਸਸਤੀ ਬਿਜਲੀ ਤੇ ਦਰਿਆਵਾਂ ਦਾ ਕੀਮਤੀ ਪਾਣੀ ਮੁਫਤ ਵਿਚ ਹੀ ਲੁਟਾਉਣ ਵਾਲੇ ਕਾਂਗਰਸੀਓ; ਪੰਜਾਬ ਨੂੰ ਉਜਾੜਨ ਤੇ ਤਬਾਹ ਕਰਨ ਦੀ ਤਾਰੀਖੀ ਗਦਾਰੀ ਤੁਹਾਡੇ ਸਿਰੋਂ ਕਿਵੇਂ ਵੀ ਧੋਤੀ ਨਹੀਂ ਜਾਣੀ। ਰੰਗੀਂ ਵਸਦਾ ਪੰਜਾਬ ਉਜਾੜਨ ਦੇ

ਤੁਸੀਂ ਮੁੱਖ ਦੋਸ਼ੀ ਹੋ। ਆਪਣੀ ਹੀ ਔਲਾਦ ਦੇ ਢਿੱਡ ਲੱਤ ਮਾਰ ਕੇ ਕਾਹਦੇ ਫੰਨੇ ਖਾਂ ਬਣ ਗਏ। ਤੁਹਾਡੇ ਹੀ ਬੱਚੇ ਲਾਹਨਤ ਦੀਆਂ ਗਾਲਾਂ ਤੁਹਾਨੂੰ ਦੇ ਰਹੇ ਹਨ। ਇਸ ਤਰ੍ਹਾਂ ਦੀ ਗਲ ਗੂਠਾ ਦੇਣ ਵਾਲੀ ਕੌਮੀ ਗਦਾਰੀ, ਕਿਸੇ ਆਪਣੀ ਸੰਤਾਨ ਨਾਲ ਨਹੀਂ ਕੀਤੀ ਹੋਣੀ। ਪੰਜਾਬ ਦੀ ਤਾਰੀਖੀ ਕਾਲਖ ਕਾਸ਼, ਤੁਸਾਂ ਆਪਣੇ ਬੱਚਿਆਂ ਦੇ ਸ਼ੀਸ਼ੇ ਵਿਚ ਵੇਖੀ ਹੁੰਦੀ।

ਕਰਜ਼ੇ ਦਾ ਭਾਰ ਚੁੱਕਦਾ ਕਮਾਊ ਪੰਜਾਬ ਕੁੱਬਾ ਹੋਇਆ ਜੀਣ ਲਈ ਤਰਲੇ ਲੈ ਰਿਹਾ ਹੈ। ਬਹੁੜੀ ਲੋਕੋ! ਇਸ ਨਿਮਾਣੀ ਕਾਂਗਰਸ ਨੂੰ ਪੁੱਛੋ, ਪੰਜਾਬ ਨਾਲ ਸਿੱਧੀਆਂ ਗਦਾਰੀਆਂ ਕਰਕੇ, ਇਸ ਤੋਂ ਕਿਹੜੇ ਜਨਮ ਦਾ ਬਦਲਾ ਲਿਆ ਹੈ? ਰੋਟੀ ਦੀ ਭਾਲ ਵਿਚ ਪੰਜਾਬੀਆਂ ਨੂੰ ਅਮੀਰ ਦੇਸਾਂ ਨੂੰ ਤੋਰਨ ਵਾਲੀ ਪੰਜਾਬ ਕਾਂਗਰਸ ਜ਼ੁੰਮੇਵਾਰ ਨਹੀਂ? ਬਹੁ ਆਬਾਦੀ ਵਾਲੇ ਯੂ.ਪੀ. ਬਿਹਾਰ ਲਈ ਪੰਜਾਬ ਖਾਲੀ ਕਰਵਾਉਣ ਦੀ ਕੇਂਦਰ ਦੀ ਕਮੀਨੀ ਨੀਤੀ ਨੰਗੀ ਨਹੀਂ ਹੋ ਗਈ। ਅਮੀਰ ਦੇਸਾਂ ਵਿਚ ਰੱਜ ਖਾਣ ਵਾਲੇ, ਭੁੱਖੇ ਪੰਜਾਬ ਕਿਉਂ ਆਉਣਗੇ। ਲਓ, ਕਰਾ ਲਓ ਦੇਸ ਆਜ਼ਾਦ। ਜੱਦੀ ਪੁਸ਼ਤੀ ਘਰਾਂ ਤੋਂ ਹੋਵੋ, ਬੇਦਖਲ ਤੇ ਹੋਵੋ, ਵਤਨੋ ਬੇਵਤਨ। ਕਰਮਾਂ ਨੂੰ ਰੋਵੋ ਪੰਜਾਬੀਓ; ਇਸ ਬਦਹਾਲੀ ਤੇ ਕੰਗਾਲੀ ਲਈ ਫਾਂਸੀਆਂ ਚੜ੍ਹ ਚੜ੍ਹ ਦੇਸ ਆਜ਼ਾਦ ਕਰਵਾਇਆ ਸੀ? ਕਾਂਗਰਸ ਦੇ ਨਾਅਰੇ : ਆਜ਼ਾਦੀ ਵਿਚ ਦੁੱਧ ਦੀਆਂ ਨਦੀਆਂ ਵਗਣਗੀਆਂ ਸਾਰੇ ਲਹਿਰ ਬਹਿਰ ਹੋਵੇਗੀ। ਕਿੱਥੇ ਐ ਉਹ ਦੁੱਧ ਦੀਆਂ ਨਦੀਆਂ ਤੇ ਲਹਿਰ ਬਹਿਰ? ਪੰਜਾਬ ਦੇ ਪਿਆਸੇ ਖੇਤ ਪਾਣੀ ਨੂੰ ਤਰਸ ਰਹੇ ਹਨ।

"ਮਾਂ ਮਰ ਗਈ ਬਾਸੇ ਟੁਕੜਿਆਂ ਨੂੰ, ਪੁੱਤਰ ਪੂਰੀਆਂ ਦਾਨ ਕਰਾਉਂਦੇ ਨੇ।"

ਗਾਂਧੀ, ਨਹਿਰੂ ਜ਼ੁਬਾਨ ਦੇ ਮਿੱਠੇ, ਦਿਲ ਦੇ ਖੋਟੇ ਠੱਗ; ਅਸਲੋਂ ਫਿਰਕਾਪ੍ਰਸਤ ਸਨ। ਦੂਜੇ ਬੰਨੇ ਪੰਜਾਬੀ ਸਿੱਖਾਂ ਦੀ ਅਕਲ ਵੇਖੋ। ਦੇਸ ਦੀ ਕੁੱਲ ਆਬਾਦੀ ਦੀ ਚੁਆਨੀ; ਮੁਸਲਮਾਨਾਂ ਤਾਂ ਗਾਂਧੀ ਨਹਿਰੂ ਦੀਆਂ ਲੇਲੜੀਆਂ ਉੱਤੇ ਭੋਰਾ ਇਤਬਾਰ ਨਾ ਕੀਤਾ; ਪਰ ਸਾਡੇ ਤਾਰੇ, ਬਲਦੇਵੇ ਨੇ ਡੂਢ ਪੈਸਾ ਹੁੰਦਿਆਂ, ਤੀਜੀ ਕੌਮੀਅਤ ਵੱਲੋਂ ਝਟ ਅੰਗੂਠੇ ਠੱਪ ਧਰੇ।

"ਵਾਹ ਕਿਸਮਤ ਦਿਆ ਬਲੀਆ, ਰਿੱਦੀ ਖੀਰ, ਰਿਹਾ ਨਾ ਦਲੀਆ।"

ਨਹਿਰੂ ਗਾਂਧੀ ਦੀ ਚੋਰ ਚਲਾਕੀ ਨੰਗੀ ਚਿੱਟੀ ਠੱਗੀ ਮਾਰ ਗਈ। ਬਲਦੇਵੇ ਹੋਰਾਂ ਪੱਕੀ ਗੁਲਾਮੀ ਦੇ ਪੈਕਟ ਉੱਤੇ ਅੰਗੂਠੇ ਠੱਪ ਧਰੇ। ਆਜ਼ਾਦੀ ਦਾ ਸੋਨਾ

ਵਗਾਹ ਕੇ ਲੋਹ ਕੜੀਆਂ ਕੌਮ ਦੇ ਗਲ ਪੁਆ ਧਰੀਆਂ। "ਉਧਲ ਗਏ ਦਾ ਕੀ 'ਲਾਜ ਬਣਾਵਾਂ, ਮਰ ਜਾਂਦਾ ਰੋਂਦੀ ਰੱਜ ਕੇ।"

"ਹੱਥ ਪੁਰਾਣੇ ਖੌਂਸੜੇ, ਬਸੰਤੇ ਹੋਰੀਂ ਆਏ।" ਆਇਆਂ ਦੇ ਪਾ ਲਓ ਸਲਾਮੀ।

ਆਜ਼ਾਦੀ ਲਈ ਕੌਮ ਨੇ ਅੰਗਰੇਜ਼ ਸਰਕਾਰ ਦੀਆਂ ਫਾਂਸੀਆਂ, ਕਾਲ ਕੋਠੜੀਆਂ ਝੱਲੀਆਂ। ਉਮਰ ਕੈਦਾਂ ਦੇ ਸਖਤ ਦਸੌਂਦੇ ਕੱਟੇ। ਪੱਲੇ ਪਈ ਦੋਹਰੀ ਗੁਲਾਮੀ। ਗੁਰੂ ਦੀ ਹਜ਼ੂਰੀ ਵਿਚ ਗਾਂਧੀ ਤੇ ਹਜ਼ਾਰਾਂ ਦੇ ਇਕੱਠ ਵਿਚ ਕਲਕੱਤੇ, ਨਹਿਰੂ ਦੇ ਸਿੱਖਾਂ ਨੂੰ ਤੀਜੀ ਕੌਮ ਮੰਨ ਕੇ ਆਜ਼ਾਦੀ ਦਾ ਨਿੱਘ ਮਾਨਣ ਲਈ ਉੱਤਰੀ ਹਿੰਦੁਸਤਾਨ ਵਿਚ ਰਿਆਸਤ ਦੇਣ ਦਾ ਐਲਾਨ ਹਵਾ ਹੀ ਹੋ ਗਿਆ। ਸਿੱਖਾਂ ਦੇ ਆਗੂ ਮਾ. ਤਾਰਾ ਸਿੰਘ ਤੇ ਸ. ਬਲਦੇਵ ਸਿੰਘ ਦੇ ਸਿੰਙ ਚੋਪੜ ਲਉ। ਰਾਜਨੀਤੀ ਪੱਖੋਂ ਅਸਲੋਂ ਦੀਵਾਲੀਆ; ਦਾਗ ਦੇ ਕੇ ਛੱਡਣ ਵਾਲੇ, ਗਲ੍ਹ ਫੁੱਲਾਂ ਦੇ ਹਾਰ ਪਵਾਈ ਮੁੜ ਕੌਮ ਦੇ ਚੌੜੇ ਹੋਏ ਆਗੂ ਦੇ ਆਗੂ। ਐਨੀ ਵੱਡੀ ਭੁੱਲ ਗਦਾਰੀ ਤੇ ਕੌਮੀ ਲੁਟਾਈ ਪਿੱਛੋਂ, ਅਕਾਲੀ ਵਰਕਰਾਂ ਨੂੰ ਚਾਹੀਦਾ ਸੀ, ਇਨ੍ਹਾਂ ਦੇ ਗਲ੍ਹ ਜੁੱਤੀਆਂ ਦੇ ਹਾਰ ਪਾਉਂਦੇ। ਇਹੋ ਜਿਹੇ ਨਸਾਤਲੇ ਤੇ ਮੂਰਖ ਵਰਕਰ, ਕਿਸੇ ਵੀ ਕਾਮਯਾਬੀ ਨੂੰ ਕਦੋਂ ਪਹੁੰਚੇ। ਜਿਹੜੇ ਲਾਹਨਤ ਖੱਟਣ ਵਾਲਿਆਂ ਨੂੰ ਹਾਲੇ ਵੀ ਆਪਣੇ ਸਰਬ ਸਰਬਾ ਮੰਨੀ ਬੈਠੇ ਐ। ਇਹ ਸਿੱਖ ਲਾਣਾ, "ਜਿਸ ਲਾਈ ਗਲੀ, ਓਸੇ ਨਾਲ ਉੱਠ ਚਲੀ" ਵਾਲੀ ਆਦਤ ਨਾ ਛੱਡ ਸਕੇ। ਹੋਰ ਕੌਮਾਂ ਚੰਦ ਤਾਰਿਆਂ ਨੂੰ ਕਮੰਦ ਪਾਈ ਬੈਠੀਆਂ ਹਨ; ਪਰ ਇਹ ਭਲੇ ਮਾਣਸ ਕਿ ਮੂਰਖ ਆਖਾਂ, ਆਪਣੇ ਘਰ ਵਿਚ ਹੀ ਜੁੱਤੀਓ ਜੁੱਤੀ ਹੋਈ ਜਾ ਰਹੇ ਐ। ਕੋਈ ਹੈ ਅਜਿਹਾ ਸੂਰਮਾ, ਜਿਹੜਾ ਇਨ੍ਹਾਂ ਦੀਆਂ ਬਾਈ ਮੰਜੀਆਂ ਤੋੜ ਕੇ, ਪੰਜਾਬੀਆਂ ਦੀ ਆਨ ਸ਼ਾਨ ਵਾਲਾ ਏਕਤਾ ਦਾ ਤਖਤ ਖੜਾ ਕਰੇ? ਜਮਰੌਦੀ ਕੁੱਟ ਖਾਧੇ ਬਿਨਾਂ, ਇਹ ਨਾ ਮਜ਼ਬੂਤ ਚੱਟਾਨ ਬਣੇ। ਕੁੱਟ ਖਾਣ ਵਾਲਾ ਹੀ ਇਸ ਸੱਚ ਦੀ ਪੁਸ਼ਟੀ ਕਰਦਾ ਹੈ। ਕਿੰਨੇ ਅਕਾਲੀ ਧੜੇ ਹਨ; ਜਿਹੜੇ ਦੁਸ਼ਮਣ ਦੀ ਝੋਲੀ ਚੁੱਕ ਸਹਾਇਤਾ ਨਾਲ ਰਾਜ ਗੱਦੀਆਂ ਮੱਲਣਾ ਚਾਹੁੰਦੇ ਹਨ ਤੇ ਐਲਾਨੀਆਂ ਆਖਦੇ ਹਨ, ਰਾਜ ਭਾਗ ਦਿੱਲੀਏ, ਸਾਨੂੰ ਸੰਭਾਲੋ; ਮਨ ਮਰਜ਼ੀ ਦੀ ਗਦਾਰੀ ਉੱਤੇ ਸਾਥੋਂ ਅੰਗੂਠੇ ਲਵਾਓ। ਤੁਹਾਡੇ ਦਾਸਾਂ ਦੇ ਵੀ ਮਾਲਕੋ, ਦਾਸ ਰਹਾਂਗੇ। ਲਉ, ਕਰਾ ਲਉ ਦੇਸ ਆਜ਼ਾਦ; ਹੋ ਜਾਓ ਵਤਨੋ ਬੇਵਤਨ। ਭਾਨਿਆ, ਖੁਸ਼ੀ ਉਡੀਕ, ਉਹ ਮਾਂ ਮਰ ਗਈ, ਜਿਹੜੀ ਦਹੀਂ ਟੁੱਕ ਦਿੰਦੀ ਹੁੰਦੀ ਸੀ।

"ਹੁਣ ਤਾਂ ਸੁੱਤੜ ਨੀਂਦ ਤੋਂ ਜਾਗੋ, ਸੁਰਤ ਸੰਭਾਲੋ। ਸੁੱਤਿਆ ਜਾਗ ਓਏ, ਤੇਰਾ ਜਗ ਵਿਚ ਕੋਈ ਨਾ ਬੇਲੀ।"

ਪੰਜਾਬੀਓ! ਸੁਰਤ ਸੰਭਾਲ ਕੇ ਦੱਸੋ, ਇਸ ਬਦਹਾਲੀ-ਕੰਗਾਲੀ ਲਈ ਦੇਸ ਆਜ਼ਾਦ ਕਰਵਾਇਆ ਸੀ? ਸਾਰੇ ਦੇਸ ਦਾ ਢਿੱਡ ਭਰਨ ਵਾਲਾ ਕਿਸਾਨ ਕਿਉਂ ਖ਼ੁਦਕਸ਼ੀਆਂ ਕਰ ਰਿਹਾ ਹੈ? ਪੰਜਾਬ ਤੋਂ ਉੱਜੜ, ਪ੍ਰਦੇਸਾਂ ਵਿਚ ਧੱਕੇ ਖਾਣ ਲਈ ਫਾਂਸੀਆਂ ਚੜ੍ਹ ਚੜ੍ਹ ਦੇਸ ਆਜ਼ਾਦ ਕਰਵਾਇਆ ਸੀ? ਪੱਕੇ ਫਿਰਕਾਪ੍ਰਸਤ ਗਾਂਧੀ ਨਹਿਰੂ ਦੇ ਕਸਮਾਂ ਵਚਨਾਂ ਉੱਤੇ ਮਿਸਟਰ ਜਿਨਾਹ ਨੇ ਕਿਉਂ ਨਹੀਂ ਇਤਬਾਰ ਕੀਤਾ ਸੀ? ਹਾਲਾਂਕਿ ਉਹ ਸਾਰੇ ਦੇਸ ਵਿਚੋਂ ਚੌਥੇ ਹਿੱਸੇ ਦਾ ਮਾਲਕ ਸੀ। ਗਾਂਧੀ ਉਸ ਨੂੰ ਪੁਚਕਾਰ ਰਿਹਾ,

"ਮਿਸਟਰ ਜਿਨਾਹ! ਅਸੀਂ ਤੈਨੂੰ ਚੁਆਨੀ ਦੀ ਥਾਂ ਸਾਲਮ ਰੁਪਈਆ ਦਿੰਦੇ ਆਂ; ਪਰ ਤੂੰ ਦੇਸ ਨਾ ਤੋੜ।"

"ਖੋਟੇ ਰੁਪਈਏ ਨਾਲੋਂ ਮੈਨੂੰ ਖਰੀ ਚੁਆਨੀ ਚੰਗੀ ਐ।" ਉਸ ਦਾ ਟਕੇ ਵਰਗਾ ਜਵਾਬ ਸੀ।

ਤੇ ਸਾਡੇ ਡੂਢ ਪੈਸੇ ਵਾਲਿਆਂ ਖੋਟੇ ਰੁਪਈਏ ਉੱਤੇ ਮਣਾਂ ਮੂੰਹ ਇਤਬਾਰ ਕਰ ਲਿਆ। ਮਿਸਟਰ ਜਿਨਾਹ ਨੇ ਗਾਂਧੀ ਦੇ ਕਸਮਾਂ ਵਾਅਦਿਆਂ ਨੂੰ ਵਗਾਹ ਮਾਰਿਆ ਤੇ ਆਖਿਆ,

"ਮਿਸਟਰ ਗਾਂਧੀ! ਰਾਜਨੀਤੀ ਵਿਚ ਲਾਰੇ 'ਤੇ ਭਰੋਸਾ ਕਰਨ ਵਾਲੇ ਅਨਾੜੀ ਹੁੰਦੇ ਹਨ; ਮੈਂ ਉਨ੍ਹਾਂ ਵਿਚੋਂ ਨਹੀਂ।"

ਇਹ ਖਰਾ ਤੇ ਤਾਰੀਖੀ ਸੱਚ ਐ, ਫਿਰਕਾਪ੍ਰਸਤ ਨਹਿਰੂ ਗਾਂਧੀ ਨੇ ਸਿੱਖਾਂ ਨੂੰ ਵਚਨ ਦੇ ਕੇ ਨਿਹੰਗਾਂ ਦੇ ਡੋਲ ਵਾਂਗ ਮਾਂਜ ਸੁੱਟਿਆ। ਮੰਨਿਆ, ਦੁਸ਼ਮਣ ਤੋਂ ਭਲੇ ਦੀ ਆਸ ਨਹੀਂ ਸੀ; ਪਰ ਪੰਜਾਬ ਦੇ ਜਾਏ ਕਾਂਗਰਸੀਆਂ ਦਗੇਦਾਰੀਆਂ ਕਿਉਂ ਕੀਤੀਆਂ? "ਕੁਛ ਲੁੱਟ ਲੀ ਮੈਂ ਪਿੰਡ ਦਿਆਂ ਪੈਂਚਾਂ, ਕੁਛ ਲੁੱਟ ਲੀ ਸਰਕਾਰਾਂ।" ਜਦੋਂ ਯਕੀਨ-ਭਰੋਸਾ ਦੇ ਕੇ ਕਿਸੇ ਕੌਮ ਦਾ ਸਾਰਾ ਲਹੂ ਹੀ ਖਿੱਚ ਲਿਆ ਜਾਵੇ; ਜਿੰਦ ਕਿੰਨਾ ਕੁ ਚਿਰ ਧੜਕਦੀ-ਤੜਪਦੀ ਰਹਿ ਸਕਦੀ ਹੈ। ਕਰਜ਼ਾਈ ਪੰਜਾਬ ਦੀ ਕੰਗਾਲੀ ਤੇ ਉਜਾੜਾ, ਪੰਜਾਬ ਕਾਂਗਰਸੀਆਂ ਦੇ ਮੱਥੇ ਦਾ ਕਲੰਕ ਐ। ਤਾਰੀਖੀ ਗਦਾਰੀਆਂ ਦੀ ਕਾਲੀ ਮੋਹਰ ਹੈ। ਹੈਰਾਨੀ ਹੈ, ਭੋਲੇ ਪੰਜਾਬ ਨੂੰ ਦੁਸ਼ਮਣਾਂ ਤੇ ਕਾਲੀ ਕਾਂਗਰਸ ਦੇ ਗਦਾਰ ਕਿਰਦਾਰ ਦਾ ਪਤਾ ਹੀ ਨਹੀਂ ਲੱਗਾ। ਦੇਖੋ ਯਾਰੋ, ਭੋਲਾ ਤੇ ਬਹਾਦਰ ਪੰਜਾਬ, ਕਿੰਨੇ ਸਸਤੇ ਭਾਅ ਲੁੱਟਿਆ ਤੇ ਕੁੱਟਿਆ ਗਿਆ? ਅੱਧ-ਝਟਕਿਆ ਸੁਰਤ ਹੀ ਗੰਵਾ ਬੈਠਾ। ਕੀ ਆਜ਼ਾਦੀ ਦੀ ਲੜਾਈ ਵਿਚ ਇਕੱਲੇ ਪੰਜਾਬ ਨੇ ਅੱਸੀ ਫੀਸਦੀ ਸਿਰ ਨਹੀਂ ਦਿੱਤੇ? ਭੁੱਖੇ ਹਿੰਦੁਸਤਾਨ ਦਾ ਸਖਤ ਮਿਹਨਤ

ਕਰਕੇ ਢਿੱਡ ਨਹੀਂ ਭਰਿਆ? ਪਾਕਿਸਤਾਨ ਦੀਆਂ ਜੰਗਾਂ ਲਹੂ ਲੁਹਾਨ ਹੁੰਦਿਆਂ ਜਿੱਤ ਕੇ ਨਹੀਂ ਦਿੱਤੀਆਂ? ਕਮਾਊ ਪੰਜਾਬ ਨੂੰ ਕਰਜ਼ਾਈ, ਕੰਗਾਲ ਤੇ ਬੇਵਤਨ ਕਰਨ ਦੀ ਸਾਰੀ ਜ਼ੁੰਮੇਵਾਰੀ ਮਕਾਰ ਕਾਂਗਰਸ ਸਿਰ ਨਹੀਂ ਪੈਂਦੀ? ਕੇਂਦਰੀ ਤੇ ਦੁਨੀਆਂ ਭਰ ਦੀਆਂ ਸਰਕਾਰਾਂ ਤੋਂ ਮੈਂ ਪੁੱਛਦਾ ਆਂ,

"ਇਹ ਸਾਡਾ ਕਸੂਰ ਸੀ, ਅਸੀਂ ਸਿੱਖ ਪਾਕਿਸਤਾਨ ਵਿਚ ਅੰਦਰੂਨੀ ਆਜ਼ਾਦੀ ਵਾਲੀ ਸਟੇਟ ਛੱਡ ਕੇ ਹਿੰਦੁਸਤਾਨ ਨਾਲ ਆਏ?"

ਕੀ ਅਸਾਂ ਦੇਸ ਆਜ਼ਾਦ ਕਰਵਾਉਣ ਲਈ ਫਾਂਸੀਆਂ, ਕਾਲੇ ਪਾਣੀ ਤੇ ਉਮਰ ਕੈਦਾਂ ਨਹੀਂ ਝੱਲੀਆਂ? ਅਸਾਂ ਡੇਢ ਫੀਸਦੀ ਨੇ ਕੁਰਬਾਨੀਆਂ ਤੇ ਮਿਹਨਤਾਂ ਦੇ ਪਹਾੜ ਨਹੀਂ ਉਸਾਰੇ? ਗਰਮੀਆਂ ਸਰਦੀਆਂ ਸਿਰ ਲੈਂਦਿਆਂ ਭੁੱਖੇ ਦੇਸ ਦਾ ਢਿੱਡ ਨਹੀਂ ਭਰਿਆ? ਦੇਸ ਨੂੰ ਮਾਲਾਮਾਲ ਕਰਦੇ ਆਪੂੰ ਕਰਜ਼ਈ ਨਹੀਂ ਹੋ ਗਏ? ਰੋਟੀ ਦੀ ਭਾਲ ਵਿਚ ਅੱਧੇ ਪ੍ਰਦੇਸੀ ਨਹੀਂ ਹੋ ਗਏ? ਬ੍ਰਾਹਮਣਵਾਦ ਵਿਉਂਤ ਨਾਲ ਸਾਡੇ ਕੋਲੋਂ ਪੰਜਾਬ ਖਾਲੀ ਕਰਵਾ ਰਿਹਾ ਹੈ। ਹਿੰਦ ਸਰਕਾਰ ਸਾਨੂੰ ਦੱਸੇ, ਇਹ ਸਾਡੀ ਦੇਸ ਭਗਤੀ ਤੇ ਕਰੜੀ ਮਿਹਨਤ ਨਹੀਂ ਸੀ? ਅਸੀਂ ਆਫਰੀ ਸਰਕਾਰ ਨੂੰ ਪੁੱਛਦੇ ਆਂ, ਅਸੀਂ ਕਿੱਥੇ ਗਲਤ ਸੀ? ਦੇਸ ਨੂੰ ਰੱਜ ਖਵਾਉਂਦਿਆਂ ਨੂੰ ਕਰਜ਼ੇ ਤੇ ਉਜਾੜੇ ਦੀ ਸਜ਼ਾ ਕਿਉਂ ਮਿਲੀ? ਅਸਾਂ ਪਾਕਿਸਤਾਨੀ ਟੈਂਕਾਂ ਹੇਠ ਕੁਰਬਾਨੀਆਂ ਦੇ ਕੇ ਦੇਸ ਦੀ ਲਾਜ ਨਹੀਂ ਬਚਾਈ? ਸਾਨੂੰ ਕਿਸੇ ਵੀ ਸਿਰ ਪਏ ਫਰਜ਼ ਨੂੰ ਜਾਨਾਂ ਵਾਰ ਕੇ ਪੂਰਾ ਨਾ ਕਰਨ ਦਾ ਕਸੂਰ ਦੱਸਿਆ ਜਾਵੇ? ਕੀ ਇਹ ਸਾਡਾ ਕਸੂਰ ਸੀ, ਅਸਾਂ ਆਪਣਾ ਸੱਭਿਆਚਾਰ, ਬੋਲੀ, ਧਰਮ ਤੇ ਇਤਿਹਾਸਕ ਵਰਾਸਤਾਂ ਕਾਇਮ ਰੱਖਣ ਲਈ ਬੋਲੀ ਦੇ ਅਧਾਰ ਤੇ ਪੰਜਾਬੀ ਸੂਬਾ ਮੰਗ ਲਿਆ? ਜਿਸ ਨੂੰ ਬ੍ਰਾਹਮਣਵਾਦੀ ਸਰਕਾਰ ਨੇ ਅੱਧਿਓਂ ਡੂਢ ਕੀਤਾ। ਬੋਲੀ ਦੇ ਅਧਾਰ ਤੇ ਆਂਧਰਾ ਪ੍ਰਦੇਸ਼ ਦੀ ਮੰਗ ਕਰਦਾ ਸ੍ਰੀ ਰਮੋਲੋ ਮਰਨ ਵਰਤ 'ਤੇ ਬੈਠਾ ਸ਼ਹੀਦ ਹੋ ਗਿਆ। ਬੋਲੀ ਦੇ ਅਧਾਰ ਤੇ ਸੂਬਾ ਨਾ ਦੇਣ ਵਾਲਾ ਫੰਨੇ ਖਾਂ ਨਹਿਰੂ ਪਾਰਲੀਮੈਂਟ ਵਿਚ ਖੜਾ ਹੀ ਪਰਾਲ ਹੋ ਗਿਆ। ਸਾਰੀ ਦੁਨੀਆਂ ਨੂੰ ਇਹ ਵੀ ਪਤਾ ਹੈ, ਕੋਈ ਮਰਨ ਮਾਰਨ ਤੇ ਆ ਜਾਵੇ; ਤੁਸੀਂ ਉਸ ਅੱਗੇ ਲੰਮੇ ਹੀ ਪੈ ਜਾਂਦੇ ਹੋ; ਜਿਵੇਂ ਮੁਸਲਮਾਨ ਜਾਬਰਾਂ ਅੱਗੇ ਤੁਸੀਂ ਮੂੰਹ ਵਿਚ ਘਾ ਲੈ ਲੈਂਦੇ ਸੀ, ਤੁਹਾਡੀ ਬਹਾਦਰੀ ਦੀ ਔਕਾਤ ਦਾ ਸਾਰੀ ਦੁਨੀਆਂ ਨੂੰ ਪਤਾ ਹੈ, ਤੁਹਾਡਾ ਫੌਜੀ ਅਗਵਾਨੂੰ ਚੀਨ ਦੀ ਜੰਗ ਸਮੇਂ ਸਾਬਣ ਪੀ ਕੇ ਹਸਪਤਾਲ ਜਾ ਪਿਆ ਸੀ।

ਸਾਨੂੰ ਤੇ ਸਾਰੀ ਦੁਨੀਆਂ ਨੂੰ ਦੱਸੋ, ਪੰਜਾਬੀ ਰੀਜਨ ਦੀ ਖਰੜ ਤਹਿਸੀਲ ਵਿਚ ਵਸਾਈ ਰਾਜਧਾਨੀ ਚੰਡੀਗੜ੍ਹ ਕਿਹੜੇ ਅਸੂਲ ਕਾਨੂੰਨ ਨਾਲ ਆਪਣੇ ਦਾਬੇ

ਵਿਚ ਰੱਖ ਲਈ? ਪੰਜਾਬੀ ਤੇ ਹਿੰਦੀ ਰੀਜਨ ਵੀ ਤੁਸਾਂ ਕੇਂਦਰੀ ਸਰਕਾਰ ਨੇ ਹੀ ਬਣਾਏ ਸੀ? "ਮਰ ਨੀ ਚਿੜੀਏ, ਕਦੇ ਜਿਉਂ ਨੀ ਚਿੜੀਏ;" ਤੁਹਾਡੀ ਇਮਾਨਦਾਰੀ, ਸੱਚਾਈ ਤੇ ਵਿਧਾਨ ਦਾ ਤਾਂ ਦੁਆਲਾ ਹੀ ਨਿਕਲ ਗਿਆ। ਦੱਸਣ ਦੀ ਕ੍ਰਿਪਾ ਕਰੋ : ਤੁਸੀਂ ਪਾਰਲੀਮੈਂਟ ਵਿਚ ਸੱਚੇ ਸੀ ਜਾਂ ਚੰਡੀਗੜ੍ਹ ਹੜੱਪਣ ਸਮੇਂ ਸੱਚੇ ਸੀ? ਅਸੀਂ ਉਨ੍ਹਾਂ ਆਪਣੇ ਆਗੂਆਂ ਦਾ ਦੁਬਾਰਾ ਭੋਗ ਪਾਉਣਾ ਚਾਹੁੰਦੇ ਆਂ; ਜਿਹੜੇ ਸਾਨੂੰ ਤੁਹਾਡੇ ਨਾਲ ਨਰੜ ਗਏ। ਸਪੱਸ਼ਟ ਹੈ, ਪੰਜਾਬ ਕਾਂਗਰਸ ਕੇਂਦਰੀ ਬ੍ਰਾਹਮਣਵਾਦ ਦੀਆਂ ਹਰ ਤਰ੍ਹਾਂ ਦੀਆਂ ਵਧੀਕੀਆਂ, ਲੁੱਟਾਂ ਤੇ ਗਦਾਰੀਆਂ ਦੀ ਹੇਜਲੀ ਜ਼ਿੰਮੇਵਾਰ ਹੈ। ਕੇਂਦਰ ਦੇ ਹਰ ਗਲਤ ਹੁਕਮ ਤੇ ਧੱਕੇ ਉੱਤੇ, ਪੰਜਾਬ ਕਾਂਗਰਸ ਫੁੱਲ ਚਾੜ੍ਹਦੀ ਰਹੀ ਐ। ਪੰਜਾਬ ਕਾਂਗਰਸ ਕੇਂਦਰ ਦੀ ਝੋਲੀ ਚੁੱਕ ਤੇ ਸੂਬੇ ਦੇ ਹਿੱਤਾਂ ਦੀ ਹੁਣ ਤੱਕ ਸਿੱਧੀ ਗਦਾਰ ਰਹੀ ਹੈ। ਦਰਿਆਵਾਂ ਦਾ ਮੁਫਤ ਪਾਣੀ ਤੇ ਭਾਖੜੇ ਦੀ ਸਸਤੀ ਬਿਜਲੀ ਕੇਂਦਰ ਨੂੰ ਦੇ ਕੇ, ਪੰਜਾਬ ਨੂੰ ਤਬਾਹੀ ਤੇ ਕੰਗਾਲੀ ਦੇ ਰਾਹ ਕੀਹਨੇ ਪਾਇਆ? ਪੰਜਾਬ ਹਰ ਤਰ੍ਹਾਂ ਲੁੱਟਿਆ ਤੇ ਕੁੱਟਿਆ ਗਿਆ। ਇਹ ਨੰਗਾ ਚਿੱਟਾ ਸੱਚ ਤੇ ਜ਼ੁਲਮ, ਸਾਰੀ ਦੁਨੀਆਂ ਦੇ ਸਾਹਮਣੇ ਐ। ਕੋਈ ਸ਼ੇਰ ਮਰਦ ਜੱਜ ਫੈਸਲਾ ਦੇਵੇਗਾ, ਕੌਣ ਸੱਚਾ ਤੇ ਕੌਣ ਝੂਠਾ ਹੈ? ਕੌਣ ਦੇਸ ਤੋਂ ਕੁਰਬਾਨ ਹੋਇਆ ਤੇ ਕਿਨ੍ਹਾਂ ਨੇ ਸਾਡੀਆਂ ਕੁਰਬਾਨੀਆਂ ਦਾ ਫਲ ਖਾਧਾ? ਗਦਾਰੀਆਂ ਕਿਨ੍ਹਾਂ ਨੇ ਕੀਤੀਆਂ? ਸਜ਼ਾਵਾਂ ਕਿਨ੍ਹਾਂ ਭੁਗਤੀਆਂ? ਬਾਹਰਲੀਆਂ ਸੱਚਾਈਆਂ ਨੂੰ ਖੂਹ ਪਾਉ, ਆਪਣੇ ਬਣਾਏ ਕਾਨੂੰਨ ਤੋਂ ਹੀ ਨਿਆਂ ਕਰਵਾ ਲਵੋ। ਅਸੀਂ ਇਹ ਵੀ ਜਾਣਦੇ ਆਂ, ਸਾਰੀ ਦੇ ਜ਼ੋਰਾਵਰ ਝੂਠਿਆਂ ਦੀ ਤਾਕਤ ਤਰਫਦਾਰੀ ਕਰਦੀ ਹੈ ਤੇ ਸੱਚੇ ਹੱਕੇ ਬੱਕੇ ਰਹਿ ਜਾਂਦੇ ਹਨ। ਇਸ ਲੋਕ ਮੁਕੱਦਮੇ ਵਿਚ ਆਪਣੇ ਬਾਪੂ ਗਾਂਧੀ ਦੀ ਸਤਿ ਅਹਿੰਸਾ ਤੋਂ ਹੀ ਨਿਆਂ ਕਰਵਾ ਲਵੋ। ਅਸੀਂ ਤਾਂ ਆਪਣੇ ਸੱਚ ਤੇ ਮਿਹਨਤੀ ਕਰਤੱਵ ਨਾਲ, ਪੁੱਠੇ ਵਗਦੇ ਪੰਜਾਬੀ ਕਾਂਗਰਸੀਆਂ ਨੂੰ ਅਹਿਸਾਸ ਕਰਵਾ ਕੇ ਘਰ ਲਿਆਉਣਾ ਚਾਹੁੰਦੇ ਆਂ। ਜਿਹੜੇ ਆਪਣੀਆਂ ਹੀ ਵਜ਼ੀਰੀਆਂ ਵੱਟੇ ਪੰਜਾਬ ਦੇ ਲੋਕਾਂ ਨਾਲ ਗਦਾਰੀਆਂ ਕਰ ਰਹੇ ਐ। ਹੋਸ਼ ਵਿਚ ਆਈ ਇਨ੍ਹਾਂ ਦੀ ਹੀ ਔਲਾਦ ਖੂੰਡਾ ਫੇਰ ਕੇ, ਉਧਲਿਆਂ ਨੂੰ ਘਰ ਵਾਪਸ ਲਿਆਵੇਗੀ। "ਸੋਟਾ ਪੀਰ ਹੈ ਵਿਗੜਿਆਂ ਤਿਗੜਿਆਂ ਦਾ।"

ਪੰਜਾਬੀ ਜਿੰਨੇ ਸਾਊ ਬਹਾਦਰ ਹਨ ਹੈ, ਓਨੇ ਹੀ ਭੁੱਲੜ ਮਿਹਨਤੀ ਹਨ। ਇਸ ਦੇ ਆਗੂ ਸਿਰੇ ਦੇ ਗਦਾਰ। ਪਹਿਲੋਂ ਅਸੀਂ ਦੇਸ ਆਜ਼ਾਦ ਕਰਵਾਉਣ ਲਈ ਸਾਮਰਾਜ ਨਾਲ ਲੜਦੇ ਰਹੇ, ਫਾਂਸੀਆਂ ਚੜ੍ਹਦੇ ਰਹੇ, ਭੁੱਖੇ ਦੇਸ ਨੂੰ ਪੂਰੀ ਵਾਹ ਲਾ ਕੇ ਰਜਾਉਂਦੇ ਰਹੇ ਤੇ ਆਪੂੰ ਕੰਗਾਲ ਤੇ ਕਰਜ਼ਾਈ ਹੁੰਦੇ ਰਹੇ। ਕੋਈ ਵਾਹ ਨਾ

ਚੱਲੀ ਤਾਂ ਵਤਨ ਛੱਡ ਕੇ ਪ੍ਰਦੇਸਾਂ ਨੂੰ ਧਾਈਆਂ ਕਰ ਲਈਆਂ। ਦੇਸ ਨੂੰ ਆਜ਼ਾਦ ਕਰਵਾਉਣ ਵਾਲੀਆਂ ਸਾਰੀਆਂ ਫਾਂਸੀਆਂ ਤੇ ਉਮਰ ਕੈਦਾਂ ਵਾਲੀਆਂ ਸਾਰੀਆਂ ਕੁਰਬਾਨੀਆਂ ਗਾਂਧੀ ਜਵਾਹਰ ਦੀ ਕਾਂਗਰਸ ਖਾ ਗਈ। ਭੋਲੇ ਪੰਜਾਬੀਆਂ ਨੂੰ ਹਾਲੇ ਤੱਕ ਪੰਜਾਬ ਖਾਲੀ ਕਰਵਾਉਣ ਵਾਲੀ ਦੰਭੀ ਪਾਲਿਸੀ ਦੀ ਸਮਝ ਹੀ ਨਹੀਂ ਆਈ। ਸਾਡੇ ਭੋਲੇ ਨਾਥਾਂ ਨੂੰ ਜਗੋਂ ਤੇਰਵੀਂ ਹੋਣ ਦੇ ਬਾਵਜੂਦ ਹਾਲੇ ਤੱਕ ਪਤਾ ਹੀ ਨਹੀਂ ਲੱਗਾ; ਸਾਡੇ ਨਾਲ ਪੰਜਾਬ ਦੇ ਹਿੱਤਾਂ ਦੀ ਗ਼ਦਾਰ, ਘਰ ਦੀ ਕਾਂਗਰਸ ਹੀ ਕਰਵਾ ਰਹੀ ਹੈ। ਜਿਸ ਕਾਂਗਰਸ ਨੇ ਅੱਧੇ ਉਜਾੜ ਕੇ ਪ੍ਰਦੇਸੀਂ ਵਾੜ ਦਿੱਤੇ; ਹਾਲੇ ਵੀ ਉਹ ਘਰੋਗੀ ਦੁਸ਼ਮਣਾਂ ਦੀਆਂ ਜੱਫੀਆਂ ਨਹੀਂ ਛੱਡਦੇ। ਇਨ੍ਹਾਂ ਭੋਲੇ ਨਾਥਾਂ ਨੂੰ ਆਪਣੀਆਂ ਜੜ੍ਹਾਂ ਵੱਢੂ ਆਖਿਆ ਜਾਵੇ ਜਾਂ ਦੁਸ਼ਮਣਾਂ ਦੇ ਪੱਗ-ਵੱਟ ਯਾਰ? ਪੰਜਾਬ ਕਾਂਗਰਸ ਦਾ ਕਿਰਦਾਰ ਹੁਣ ਤੱਕ ਪੰਜਾਬ ਉਜਾੜੂ ਰਿਹਾ ਹੈ। ਸਾਰੀ ਦੇ ਲਾਈ ਲੱਗ, ਕਿਸੇ ਇਕ ਵਿਚ ਵੀ ਅਣਖ ਭੜਕਦੀ ਨਹੀਂ ਵੇਖੀ। ਇਨ੍ਹਾਂ ਵਜ਼ੀਰੀਆਂ ਦੀ ਐਸ਼ ਹੰਢਾਉਣ ਤੋਂ ਬਿਨਾਂ ਪੰਜਾਬ ਦਾ ਕੀ ਸੰਵਾਰਿਆ ਹੈ? ਪੰਜਾਬ ਦੀ ਆਰਥਿਕ ਦੁਰਦਸ਼ਾ ਦੀ ਕਾਂਗਰਸ ਨਿਰੀ ਜ਼ਿੰਮੇਵਾਰ ਹੀ ਨਹੀਂ, ਮੁਢਲੀ ਦੋਸ਼ੀ ਵੀ ਹੈ। ਕੇਂਦਰ ਪੰਜਾਬ ਵਿਰੁੱਧ ਫਤਵੇ ਦਿੰਦਾ ਰਿਹਾ ਇਹ ਉਨ੍ਹਾਂ ਫਤਵਿਆਂ ਤੇ ਦਸਖਤ ਕਰਦੇ ਰਹੇ। ਪਾਣੀ ਬਿਜਲੀ ਦੇ ਗਲਤ ਸਮਝੌਤੇ ਕਰਕੇ ਪੰਜਾਬ ਨੂੰ ਖੇਹ-ਮਿੱਟੀ ਕਰਨ ਵਾਲੀ ਕਾਂਗਰਸ ਹੈ। ਪਵਿੱਤਰ ਸ੍ਰੀ ਅਕਾਲ ਤਖਤ ਤੋਪਾਂ ਟੈਂਕਾਂ ਨਾਲ ਢਾਹੁਣ ਵਾਲੀ ਕਾਂਗਰਸ ਐ। ਸ੍ਰੀ ਦਰਬਾਰ ਸਾਹਿਬ, ਗੁਰੂ ਰਾਮਦਾਸ ਸਰਾਂ, ਬਾਈ ਗੁਰਦਵਾਰਿਆਂ, ਦਿੱਲੀ ਤੇ ਕਾਂਗਰਸੀ ਰਾਜਾਂ ਵਿਚ ਬੇਗੁਨਾਹ ਸਿੱਖਾਂ ਦੀਆਂ ਲਾਸ਼ਾਂ ਵਿਛਾਉਣ ਵਾਲੀ ਕਾਂਗਰਸ ਐ। ਅੰਮ੍ਰਿਤਸਰ ਵਿਚ ਸਾਰੀ ਦੇ ਫਿਰਕੂ ਮਹਾਸ਼ਿਆਂ ਦੇ ਵੰਡੇ ਲੱਡੂ ਖਾਣ ਵਾਲੀ ਕਾਲੀ ਕਾਂਗਰਸ ਐ। ਪੰਜਾਬ ਕਾਂਗਰਸ ਨੇ ਅਤਿਆਚਾਰੀ ਸਿੱਖ ਕਤਲਾਮ ਉੱਤੇ ਹਾਹ ਦਾ ਇਕ ਵੀ ਨਾਅਰਾ ਨਹੀਂ ਮਾਰਿਆ। ਅਸੀਂ ਕਿਹੜੇ ਮੂੰਹ ਨਾਲ ਆਖੀਏ, ਪੰਜਾਬ ਕਾਂਗਰਸ ਸਾਡੀ ਹਮਦਰਦ ਹੈ। ਪੰਜਾਬ ਦੇ ਸਾਰੇ ਦੁੱਖਾਂ, ਦਰਦਾਂ ਤੇ ਜਬਰਾਂ ਦੀ ਮਾਂ ਤਾਂ ਕਾਂਗਰਸ ਹੈ। ਸਾਰੀਆਂ ਸਿੱਖ ਕਤਲਾਮਾਂ ਉੱਤੇ ਪੰਜਾਬ ਕਾਂਗਰਸ ਨੇ ਅੱਖੀਂ ਵੇਖ ਕੇ ਵੀ ਚੁੱਪ ਵੱਟੀ ਰੱਖੀ। ਕੇਂਦਰੀ ਸਰਕਾਰ ਤੇ ਆਲ ਇੰਡੀਆ ਕਾਂਗਰਸ ਪੰਜਾਬੀ ਕਾਂਗਰਸੀਆਂ ਉੱਤੇ ਬੱਲੇ ਬੱਲੇ ਖੁਸ਼। ਕਿਉਂਕਿ ਪੰਜਾਬ ਕਾਂਗਰਸ ਦੀ ਚੁੱਪ ਸਾਲਮ ਰਜ਼ਾਮੰਦੀ ਸੀ। ਇਹਦੀ ਹਮਦਰਦੀ ਪੰਜਾਬ ਨਾਲ ਕਦੇ ਵੀ ਨਹੀਂ ਹੋਈ। ਪੰਜਾਬ ਕਾਂਗਰਸ ਕੇਂਦਰੀ ਸਰਕਾਰ ਨੂੰ ਲੱਤ ਮਾਰ ਕੇ ਬਾਹਰ ਆਉਂਦੀ, ਸਾਰਾ ਜਹਾਨ ਸ਼ਾਬਾਸ਼ ਦਿੰਦਾ ਤੇ ਸਮਝਦਾ ਪੰਜਾਬ ਦੀ ਅਣਖ ਜਿਉਂਦੀ ਤੇ ਧੜਕਦੀ ਹੈ ਪਰ ਇਨ੍ਹਾਂ ਨਲੱਜਾਂ ਐਨੀ ਵੱਡੀ ਕਤਲੋ ਗਾਰਤ ਉੱਤੇ ਹਾਹ ਦਾ ਨਾਅਰਾ ਤੱਕ ਨਾ ਮਾਰਿਆ। ਦੁਸ਼ਮਣਾਂ ਦੇ ਵਫਾਦਾਰ ਤੇ ਆਪਣਿਆਂ

ਦੇ ਗਦਾਰਾਂ ਨੂੰ ਤਾਰੀਖ ਲਾਹਨਤ ਹੀ ਦੇ ਸਕਦੀ ਹੈ। ਵਜ਼ੀਰੀਆਂ ਦੇ ਲਾਲਚ ਵਿਚ ਪੰਜਾਬੀ ਭਰਾਵਾਂ ਨੂੰ ਮਰਵਾ ਕੇ, ਸ੍ਰੀ ਅਕਾਲ ਤਖਤ ਢਹਾ ਕੇ ਤਾਰੀਖੀ ਲਾਹਨਤ ਲੈ ਲਈ। ਲਉ ਜੀ, ਸ਼ਰਮ ਦੀ ਹੱਦ ਮੁੱਕੀ, ਕੌਮੀ ਗਦਾਰੀਆਂ ਦੀ ਇੰਤਹਾ ਕਰਨ ਵਾਲੀ ਕਾਂਗਰਸ ਹਾਲੇ ਵੀ ਆਪੇ ਨੂੰ ਫੰਨੇ ਖਾਂ ਸਮਝਦੀ ਐ; ਭਾਵੇਂ ਕੌਮੀ ਨੱਕ ਵੱਢਿਆ ਏ। ਦੁਹਾਈ ਲੋਕੋ! ਕੌਮੀ ਅਣਖ ਤੇ ਗੈਰਤ ਕਿੱਥੇ ਮਰ ਗਈਆਂ?

ਪੰਜਾਬ ਦਾ ਇਕ ਹੋਰ ਪੱਖ ਵੀ ਪੂਰਾ ਧਿਆਨ ਮੰਗਦਾ ਹੈ। ਆਰੀਆ ਕਬੀਲਿਆਂ ਨੇ ਜਿਨ੍ਹਾਂ ਦਰਾਵੜਾਂ ਨੂੰ ਮਾਰ ਮਾਰ ਦੱਖਣ ਵੱਲ ਧੱਕ ਦਿੱਤਾ ਸੀ; ਵੱਡੇ ਖ਼ੂਨੀ ਘੱਲੂਘਾਰੇ ਵਰਤਾਏ ਤੇ ਕੁਝ ਇਕ ਨੂੰ ਆਪਣੀ ਸੇਵਾ ਲਈ ਵਿਹੜਿਆਂ ਦੇ ਗੁਲਾਮ ਬਣਾ ਲਿਆ ਸੀ। ਤਾਰੀਖ ਦੱਸਦੀ ਹੈ, ਜਾਬਰ ਕਮਜ਼ੋਰਾਂ ਨੂੰ ਕੁੱਟਦੇ, ਲੁੱਟਦੇ ਤੇ ਅਰਧ ਗੁਲਾਮ ਬਣਾਉਂਦੇ ਆਏ ਐ। ਜੰਗਲ ਵਿਚੋਂ ਆਇਆ ਮਨੁੱਖ ਜੰਗਲੀ ਬਹਿਵਤਾਂ ਨਹੀਂ ਛੱਡ ਸਕਿਆ; ਭਾਵੇਂ ਕਿੰਨਾ ਸ਼ਹਿਰੀ ਸਾਊ ਹੋ ਗਿਆ ਹੈ। ਆਰੀਆ ਜਾਬਰਾਂ ਨੇ ਲੋਕ ਜਾਤੀਆਂ ਵਿਚ ਵੰਡ ਧਰੇ। ਇਹੋ ਭਾਣੇ ਭੁੱਖੇ ਤੇ ਜਾਬਰ ਮੁਸਲਮਾਨਾਂ, ਆਪਣੇ ਪਾਕ ਕੁਰਾਨ ਦੀਆਂ ਆਇਤਾਂ ਦੇ ਖਿਲਾਫ ਕਤਲਾਮਾਂ ਵਿਚ ਵਰਤਾਏ। ਬੋਧੀ, ਜੈਨੀ, ਈਸਾਈ, ਸਿੱਖ ਤੇ ਵਿਹੜਿਆਂ ਵਾਲੇ ਸਾਰੇ ਭਾਈਚਾਰੇ; ਵਿਧਾਨ ਵਿਚ ਤਾਂ ਅੱਜ ਸਾਰੇ ਬਰਾਬਰ ਹੱਕ ਰੱਖਦੇ ਹਨ; ਪਰ ਬਹੁ-ਗਿਣਤੀ ਹਿੰਦੂਆਂ ਦਾ ਰਾਜਕੀ ਦਾਬਾ, ਜਬਰ ਤੇ ਧਿੰਗਾੜ ਅੱਜ ਵੀ ਜਿਉਂ ਦਾ ਤਿਉਂ ਜਾਰੀ ਹੈ। ਕਮਜ਼ੋਰਾਂ ਤੋਂ ਕੁੱਟ ਕੇ ਵਗਾਰ ਲੈਣੀ, ਗਾਂਧੀ ਦੀ ਸਤਿ ਅਹਿੰਸਾ ਤੇ ਵਿਧਾਨਕ ਹੱਕ ਬਰਾਬਰੀ ਦੀ ਖਿਲਾਫ ਵਰਜੀ ਨਹੀਂ? ਬਾਬਰੀ ਮਸਜਿਦ ਹੰਕਾਰੇ ਫਿਰਕੂਵਾਦ ਨੇ ਲਲਕਾਰੇ ਮਾਰਦਿਆਂ ਆ ਢਾਹੀ; ਪਰ ਰਾਜ ਕਰਦੀ ਕਾਂਗਰਸ ਸਾਹਮਣੇ ਬਰਬਾਦੀ ਹੁੰਦੀ ਵੇਖ ਕੇ ਚੂਕੀ ਤੱਕ ਨਹੀਂ। ਇੰਦਰਾ ਦੀ ਹਾਊਮੇਂ ਨੇ ਸਰਕਾਰੀ ਟੈਂਕਾਂ ਤੋਪਾਂ ਨਾਲ ਸਿੱਖਾਂ ਦਾ ਪਵਿੱਤਰ ਸ੍ਰੀ ਅਕਾਲ ਤਖਤ ਸਾਹਿਬ ਖਖੜੀਆਂ ਕਰੇਲੇ ਕਰ ਸੁੱਟਿਆ। ਅਤੇ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰ ਪ੍ਰਕਰਮਾ, ਗੁਰੂ ਰਾਮਦਾਸ ਸਰਾਂ, ਬਾਈ ਗੁਰਦਵਾਰਿਆਂ, ਮੁੜ ਦਿੱਲੀ ਤੇ ਕਾਂਗਰਸੀ ਰਾਜਾਂ ਵਿਚ ਕਤਲੋਗਾਰਤ ਦੀ ਤਬਾਹੀ ਮਚਾ ਧਰੀ। ਸੰਤ ਜਰਨੈਲ ਸਿੰਘ ਜੇ ਕਾਨੂੰਨ ਦਾ ਬਾਗੀ ਸੀ; ਤਦ ਦੋ ਚਾਰ ਸੌ ਫੌਜੀ ਚਿੱਟੇ ਕੱਪੜਿਆਂ ਵਿਚ ਆਰਾਮ ਨਾਲ ਫੜ ਸਕਦੇ ਸੀ। ਇਹ ਉਹੀ ਸੰਤ ਸੀ, ਜਿਸ ਦੀ ਮਦਦ ਇੰਦਰਾ ਨੇ ਸਾਲ ਭਰ ਪਹਿਲਾਂ ਮਿਸਜ਼ ਭਿੰਡਰ ਦੀ ਇਲੈਕਸ਼ਨ ਵਿਚ ਸਾਂਝੀ ਸਟੇਜ ਲਾ ਕੇ ਲਈ ਸੀ। ਰਾਜ ਹਮੇਸ਼ਾ ਜਾਬਰ ਤਲਵਾਰ ਦਾ ਰਿਹਾ ਹੈ। ਧਰਮ ਤੇ ਸਤਿ ਅਹਿੰਸਾ ਦੇ ਅਸੂਲ ਅਲਮਾਰੀਆਂ ਵਿਚ ਢਕੇ ਰਹਿ ਜਾਂਦੇ ਹਨ। ਧਰਮ ਉਪਦੇਸ਼ ਕੁਝ ਸਮੇਂ ਲਈ ਤਲਵਾਰ ਦੇ ਵਾਰ

ਰੋਕ ਸਕਦਾ ਹੈ; ਪਰ ਉਸ ਨੂੰ ਹਮੇਸ਼ਾ ਲਈ ਮਿਆਨ ਵਿਚ ਨਹੀਂ ਪਾ ਸਕਦਾ। ਜਾਬਰ ਰੋਮਨ, ਨਿਹੱਥੇ ਹਬਸ਼ੀ ਗੁਲਾਮਾਂ ਉੱਤੇ ਭੁੱਖੇ ਸ਼ੇਰਾਂ ਨੂੰ ਛੱਡਦੇ ਹੁੰਦੇ ਸਨ। ਗੁਲਾਮਾਂ ਤੇ ਕਮਜ਼ੋਰ ਬੰਧਕਾਂ ਦੇ ਹੰਝੂ, ਪਾਟੇ ਵਿਧਾਨਕ ਪੱਲਿਆਂ ਦੇ ਸਤਿ ਅਹਿੰਸਾ ਦੇ ਉਪਦੇਸ਼ਾਂ ਨਾਲ ਪੂੰਝੇ ਜਾਂਦੇ ਸਨ। ਅਸਲ ਵਿਚ ਉਨ੍ਹਾਂ ਨੂੰ ਜਬਰਾਂ ਭਰੀ ਗੁਲਾਮੀ ਹੰਢਾਉਣ ਲਈ ਥਾਪੜਾ ਦਿੱਤਾ ਜਾਂਦਾ ਸੀ। ਧਰਮ ਤਾਂ ਦਯਾ ਰਾਹੀਂ, ਰਾਜ ਦੀ ਤਿੱਖੀ ਤਲਵਾਰ ਨੂੰ ਮਿਆਨਬੰਦ ਕਰਦਾ ਹੈ; ਪਰ ਰਾਜ ਭਰੇ ਦਰਬਾਰ ਵਿਚ ਦਰੋਪਤੀ ਦੇ ਕੱਪੜੇ ਉਤਾਰਦਾ ਹੈ। ਜਾਬਰ, ਮਜ਼ਲੂਮਾਂ ਦੀ ਕਤਲਾਮ ਨਾਲ ਦਹਿਸ਼ਤ ਨਾ ਪਾਵੇ ਤਾਂ ਰਾਜ ਕਿਵੇਂ ਕਰੇ।

ਪਰ ਅੱਖੜ ਸਿੱਖ ਪੁਰਾਣੀ ਸ਼ਹੀਦੀ ਹਾਉਮੈਂ ਦੀ ਆਕੜ ਵਿਚ ਲਗਾਤਾਰ ਸਿਰ ਭਨਾਈ ਜਾ ਰਹੇ ਹਨ। ਇਨ੍ਹਾਂ ਭੋਲੇ ਨਾਥਾਂ ਦੀ ਗਵਾਚੀ ਸੁਰਤ ਹਾਲੇ ਵੀ ਬ੍ਰਾਹਮਣਵਾਦ ਦੀ ਦੋਹਰੀ ਗੁਲਾਮੀ ਵਿਚ ਬੁਰੀ ਤਰ੍ਹਾਂ ਖੁਰੀ ਜਾ ਰਹੀ ਹੈ। ਸਿੱਖਾਂ ਨੂੰ ਬ੍ਰਾਹਮਣਵਾਦੀ ਸੇਠਾਂ ਹੇਠ ਪਿਆਂ ਨੂੰ ਵੀ ਹਾਲੇ ਹੰਕਾਰ ਚੜ੍ਹਿਆ ਏ; ਅਸਾਂ ਜਾਬਰ ਮੁਸਲਮਾਨਾਂ ਤੋਂ ਬ੍ਰਾਹਮਣਵਾਦ ਨੂੰ ਛੁਡਾ ਕੇ ਆਪਣਾ ਰਾਜ ਕਾਇਮ ਕੀਤਾ ਸੀ। ਉਹ ਪਾਣੀ ਕਦੋਂ ਦਾ ਵਗ ਕੇ ਸਮੁੰਦਰ 'ਚ ਜਾ ਪਿਆ; ਇਹ ਹਾਲੇ ਵੀ ਉਸ ਭੂਤ ਵਿਚ ਨਹਾਈ ਜਾ ਰਹੇ ਐ। ਸਾਇੰਸ ਦੇ ਜੁਗ ਵਿਚ ਅੱਜ ਸਿਆਣੇ ਲੋਕ ਚੰਦਾਂ ਤਾਰਿਆਂ ਨੂੰ ਫਤਹਿ ਕਰਨ ਤੁਰੇ ਐ; ਪਰ ਸਾਡੇ ਧੂਤੇ ਗੁਜ਼ਰੇ ਭੂਤ ਦੀਆਂ ਟਾਹਰਾਂ ਮਾਰੀ ਜਾ ਰਹੇ ਐ। ਸਾਡੇ ਅਕਾਲੀ ਜਥੇਦਾਰਾਂ ਲੰਮੇ ਚੌੜੇ ਪਗੜ ਐਨੇ ਘੁੱਟ ਕੇ ਬੰਨੇ ਐ ਕਿ ਅਕਲ ਕਿਸੇ ਵਿਰਲ ਰਾਹ ਵਿਚ ਦੀ ਵੀ ਸਿਰ ਵਿਚ ਨਾ ਵੜ ਜਾਵੇ। ਮੀਸਣਾ ਦੁਸ਼ਮਣ ਇਨ੍ਹਾਂ ਦੀ ਭੂਤਰੀ ਆਕੜ ਪੁਚਕਾਰ ਪੁਚਕਾਰ ਖੋਰੀ ਆ ਰਿਹਾ ਹੈ। ਇਨ੍ਹਾਂ ਨੂੰ ਆਪਣਾ ਪਵਿੱਤਰ ਸ੍ਰੀ ਅਕਾਲ ਤਖਤ ਢੁਹਾ ਕੇ ਵੀ ਅਕਲ ਨਹੀਂ ਆਈ : "ਸਾਡਾ ਘੱਟ-ਗਿਣਤੀਆਂ ਦਾ ਅਸਲ ਦੁਸ਼ਮਣ-ਕਾਤਲ ਕੌਣ ਹੈ ? ਯਕੀਨ ਜਾਣੋ, ਸਿੱਖ ਖਸਲਤ ਹੀ ਅਜਿਹੀ ਹੈ, ਜਿਹੜੀ ਅਕਲ ਉਪਦੇਸ਼ ਨਾਲ ਨਹੀਂ; ਕੇਵਲ ਡਾਂਗ ਫੇਰਿਆਂ ਹੀ ਥਹਿ ਸਿਰ ਆਉਂਦੀ ਹੈ। ਜਿਵੇਂ ਗੁਜਰਾਂਵਾਲੀਏ ਰਣਜੀਤ ਸਿੰਘ ਨੇ ਫੇਰੀ ਸੀ।

ਮੁਸਲਮਾਨੀ ਰਾਜ ਦੀਆਂ ਕਤਲਾਮਾਂ ਤੋਂ ਬ੍ਰਾਹਮਣਵਾਦ ਸਮਝ ਗਿਆ ਸੀ; ਸਿੱਖ ਭੂਤਨੇ ਮਾਰਿਆਂ, ਕਤਲ ਕੀਤਿਆਂ ਸਗੋਂ ਵਧਦੇ ਐ। ਉਨ੍ਹਾਂ ਸਿੱਖਾਂ ਦੀ ਆਰਥਿਕ ਪੱਖੋਂ ਜਾਨ ਕੱਢਣੀ ਮਿੱਥ ਲਈ ਤੇ ਉਹ ਆਪਣੇ ਤਜਰਬੇ ਵਿਚ ਕਾਮਯਾਬ ਰਹੇ ਤੇ ਸਿੱਖ ਭੂਤਨੇ ਤਕਲੇ ਤੋੜ ਕਰ ਲਏ। ਕਾਂਗਰਸ ਤੇ ਭਾਜਪਾ ਵਿਚ ਮਤਰੇਏ ਭਰਾ ਜਿੰਨਾ ਉੱਨੀ ਵੀਹ ਦਾ ਹੀ ਫਰਕ ਹੈ। ਦੋਹਾਂ ਦਾ ਪੱਕਾ ਨਿਸ਼ਾਨਾ ਹਿੰਦੂ ਰਾਜ

ਹੈ। ਕਾਂਗਰਸ ਘੱਟ-ਗਿਣਤੀਆਂ ਨੂੰ ਥਾਪੜੀਆਂ ਦੇ ਕੇ ਤੇ ਜਨ ਸੰਗ ਸਿੱਧੇ ਧੱਕੇ ਨਾਲ ਲਾਗੂ ਕਰਨਾ ਚਾਹੁੰਦਾ ਹੈ। ਸੋਇਮ ਸੰਗ ਇਸ ਨਾਅਰੇ-ਨਿਸ਼ਾਨੇ ਨੂੰ ਐਲਾਨੀਆਂ ਆਖਦਾ ਹੈ ਤੇ ਕਾਂਗਰਸ ਇਸ ਕਾਰਜ ਨੂੰ ਮੀਸਣੀ ਚਾਲ ਨਾਲ ਪਰਦੇ ਵਿਚ ਢਕ ਕੇ ਸਿਰੇ ਚਾੜ੍ਹਨਾ ਚਾਹੁੰਦੀ ਹੈ। ਸਿਆਣੇ ਚੰਗੀ ਤਰ੍ਹਾਂ ਸਮਝ ਸਕਦੇ ਹਨ; ਕੌਣ ਵਧੇਰੇ ਖਤਰਨਾਕ ਹੈ। ਸ੍ਰੀ ਅਕਾਲ ਤਖਤ ਸਾਹਿਬ ਤੋਪਾਂ ਨਾਲ ਕੀਹਨੇ ਤੋੜਿਆ ਸੀ? ਤੇ ਅੰਮ੍ਰਿਤਸਰ ਵਿਚ ਲੱਡੂ ਕੀਹਨੇ ਵੰਡੇ ਸਨ? ਦੋਹਾਂ ਫਿਰਕੂ ਤਾਕਤਾਂ ਦਾ ਮੂਲ ਨਿਸ਼ਾਨਾ ਹਿੰਦੂ ਰਾਜ ਹੈ। ਹਿੰਦੂ ਰਾਜ ਦਾ ਮਤਲਬ ਬਾਕੀ ਘੱਟ-ਗਿਣਤੀਆਂ ਉਨ੍ਹਾਂ ਦੀ ਚਾਕਰੀ ਕਰਦੀਆਂ ਗੁਲਾਮ। ਭਾਵੇਂ ਵੋਟ ਦਾ ਹੱਕ ਹਰ ਬਾਲਗ ਨੂੰ ਦਿੱਤਾ ਹੋਇਆ ਹੈ। ਦੋਹਾਂ ਵਿਚ ਐਨਾ ਹੀ ਫਰਕ ਹੈ, ਕਾਂਗਰਸ ਚੋਰੀ ਛੁਪੇ ਲਿਆਉਣਾ ਚਾਹੁੰਦੀ ਐ ਤੇ ਜਨ ਸੰਗ ਸਪੱਸ਼ਟ ਐਲਾਨੀਆਂ। ਸਾਰੀਆਂ ਘੱਟ-ਗਿਣਤੀਆਂ ਨੇ ਵਾਰੀ ਵਾਰੀ ਕੁੱਟ ਖਾ ਕੇ ਤਜਰਬਾ ਕਰ ਲਿਆ ਹੈ। ਭਲਾ ਹਿੰਦੂ ਰਖਸ਼ਾ ਸੰਮਤੀਆਂ, ਬਹੁ-ਗਿਣਤੀ ਹਿੰਦੂ ਰਾਜ ਹੁੰਦਿਆਂ, ਕਿਹੜੀ ਗੱਲੋਂ ਇਨ੍ਹਾਂ ਖੜੀਆਂ ਕੀਤੀਆਂ ਸਨ? ਇਨ੍ਹਾਂ ਘੱਟ ਗਿਣਤੀਆਂ ਨੂੰ ਚੱਜ ਨਾਲ ਹੀ ਗੁੱਠੇ ਲਾ ਕੇ ਰੱਖਣ ਤੇ ਮੁਸਲਮਾਨਾਂ ਤੋਂ ਪੁਰਾਣੇ ਜਾਬਰਾਂ ਵਾਲੇ ਬਦਲੇ ਲੈਣਾ ਮਿੱਥਿਆ ਹੈ। ਮੁਸਲਮਾਨ ਜਾਬਰ ਗਏ ਤੇ ਇਨ੍ਹਾਂ ਗਰੀਬ ਮੁਸਲਮਾਨਾਂ ਨੂੰ ਧਰ ਲਿਆ।

ਬ੍ਰਾਹਮਣਵਾਦ ਘੱਟ ਗਿਣਤੀਆਂ ਦੀ ਹਿੱਕ 'ਤੇ ਬੈਠਾ ਵੀ ਖੌਫ ਮਹਿਸੂਸ ਕਰਦਾ ਆਪਣੇ ਜੋੜ ਤੋੜ ਮਜ਼ਬੂਤ ਕਰੀ ਜਾ ਰਿਹਾ ਹੈ। ਥਾਂ ਥਾਂ ਖਿਲਰੀਆਂ ਘੱਟ-ਗਿਣਤੀਓ, ਤੁਸੀਂ ਕਿਉਂ ਨਹੀਂ ਸਮਝਦੇ; ਜਮਹੂਰੀਅਤ ਇਨ੍ਹਾਂ ਦੇ ਅਤਿਆਚਾਰਾਂ ਦੀ ਪਰਦੇ ਦੀ ਰਾਣੀ ਹੈ। ਸੁੱਖੇ ਨਾਲ ਰੱਜੇ ਤੇ ਬਲਕਾਰੇ ਸਿੰਘਾਂ ਨੂੰ ਸਮਝਾਉਣ ਗਿਆ ਕੌਣ ਕੁੱਝ ਖਾਵੇ। ਕਾਂਗਰਸ ਲੰਮੀ ਤਪਦਿਕ ਨਾਲ ਘਸਾ ਘਸਾ ਮਾਰਦੀ ਹੈ ਤੇ ਜਨ ਸੰਗ ਸਿੱਧਾ ਹੈਜ਼ਾ ਐ। [ਪਿਛਾਖਰੀ ਸਿੱਖ ਰਿਆਸਤਾਂ ਨੂੰ ਵੀ ਇਹ ਮਹਾਂਮਾਰੀ ਚੁੰਬੜੀ ਸੀ : ਅੰਗਰੇਜ਼ ਤਪਦਿਕ ਐ ਤੇ ਮਹਾਰਾਜਾ ਰਣਜੀਤ ਸਿੰਘ ਹੈਜ਼ਾ; ਜਾਈਏ ਤਾਂ ਜਾਈਏ ਕਿੱਧਰ ਨੂੰ?] ਫਿਰਕੂ ਪਾਰਟੀਆਂ ਦੋਹਾਂ ਕੋਲ ਦੋ ਹੀ ਰਾਹ ਹਨ, ਸਿੱਧੀ ਮੌਤ ਜਾਂ ਪਾਣੀ ਵਿਚ ਲੂਣ ਦੀ ਡਲੀ। ਤਾਰੀਖੀ ਅਸਲੀਅਤ ਤੋਂ ਅਨਾੜੀ ਅਕਾਲੀ, ਫਨੀਅਰ ਤੇ ਖੜੱਪੇ ਸੱਪ ਵਿਚ ਕੋਈ ਫਰਕ ਨਹੀਂ ਸਮਝਦੇ। ਇਕ ਮਿੱਠੀ ਛੁਰੀ ਐ, ਦੂਜੀ ਜ਼ਹਿਰ ਭਿੱਜੀ ਤਲਵਾਰ। ਇਨ੍ਹਾਂ ਸਰਦਾਰਾਂ ਨੂੰ ਉਦੋਂ ਪਤਾ ਲੱਗੇਗਾ; ਜਦੋਂ ਸਾਰੇ ਘਰੜ ਮੰਨ ਕੇ ਰੱਖ ਦਿੱਤੇ। ਤਿੰਨ ਚੌਥਾਈ ਤਾਂ ਘਰੜ ਮੁੰਨੇ ਜਾਂ ਚੁੱਕੇ ਐ। ਇਨ੍ਹਾਂ ਭੌਂਦੂਆਂ ਨੂੰ ਐਨਾ ਵੀ ਪਤਾ ਨਹੀਂ, ਮੁੰਨੇ ਜਾਣ ਨਾਲ ਅਣਖੀਲੀ ਸਪ੍ਰਿਟ ਵੀ ਬਰਾਬਰ ਰਗੜੀ ਜਾਂਦੀ ਹੈ। ਸਿੱਖੀ ਦੋਹਾਈਆਂ ਪਾ ਰਹੀ ਐ:

"ਮਰ ਜੇਂ ਤਾਂ ਰੋ ਲਾਂ ਰੱਜ ਕੇ, ਸਾਧ ਹੋਏ ਦਾ ਕੀ ਲਾਜ ਬਣਾਵਾਂ।"

ਅੱਧ ਦੇ ਨੇੜ ਤੇੜ ਸਿੱਖ ਰੋਟੀ ਦੀ ਭਾਲ ਵਿਚ ਪ੍ਰਦੇਸਾਂ ਨੂੰ ਕੂਚ ਕਰ ਗਏ ਐ। ਉਨ੍ਹਾਂ ਸਥਾਨਕ ਲੋਕਾਂ ਦੇ ਕਲਚਰ ਸਾਗਰ ਵਿਚ ਦੇਰ ਸਵੇਰ ਅਵਸ਼ ਲੂਣ ਦੀ ਡਲੀ ਵਾਂਗ ਖੁਰ ਜਾਣਾ ਹੈ। ਬਾਕੀ ਅੱਧਿਆਂ ਨੂੰ ਭਾਈਆਂ ਦੇ ਨਸ਼ਿਆਂ ਨੇ ਚਰ ਲੈਣਾ ਹੈ। ਹੋਰ ਅੜੇ ਥੁੜੇ ਪੰਜਾਬੀਆਂ ਲਈ ਬਾਹਰਲੀਆਂ ਧਾੜਾਂ ਨਾਲ ਫਸਾਦਾਂ ਦੀ ਕਤਲਾਮ ਤਿਆਰ ਖੜੀ ਹੈ। ਪੰਜਾਬੀ ਆਪਣੀ ਜਨਮ ਮਰਨ ਭੂਮੀ ਵਿਚ ਨਿਰੀ ਕੁੱਟ ਹੀ ਨਹੀਂ ਖਾਣਗੇ, ਸਗੋਂ ਘੱਟ ਗਿਣਤੀ ਹੋਏ ਕੌਮੀ ਬੇਇੱਜ਼ਤੀ ਵੀ ਸਹਿਣਗੇ। ਇਨ੍ਹਾਂ ਊਤ ਪੰਜਾਬੀਆਂ ਨੂੰ ਹਾਲੇ ਤੱਕ ਇਹ ਸਮਝ ਨਹੀਂ ਆਈ; ਸਾਡਾ ਸਾਰੀਆਂ ਘੱਟ-ਗਿਣਤੀਆਂ ਨਾਲ ਜੁੜਨ ਵਿਚ ਹੀ ਆਖਰੀ ਭਲਾ ਹੈ। ਹਿੰਦੁਸਤਾਨ ਦੀਆਂ ਸਾਰੀਆਂ ਘੱਟ ਗਿਣਤੀਆਂ, ਇਕ ਮਜ਼ਬੂਤ ਸੰਘਟਨ ਵਿਚ ਜੁੜ ਕੇ ਹੀ ਸੁਰੱਖਿਅਤ ਹੋ ਸਕਦੀਆਂ ਹਨ। ਕਾਂਗਰਸ ਤੇ ਭਾਜਪਾ, ਮਤਰੇਏ ਭਰਾ, ਸਾਨੂੰ ਘੱਟ-ਗਿਣਤੀਆਂ ਨੂੰ ਪਾੜ ਪਾੜ ਹੀ ਬਲਹੀਣ ਕਰ ਰਹੇ ਹਨ। ਉਨ੍ਹਾਂ ਦੁਸ਼ਮਣਾਂ ਦਾ ਪੱਕਾ ਇਰਾਦਾ ਹਿੰਦੂ ਰਾਜ ਦਾ ਹੈ। ਇਕ ਧਿਰ ਇਸ ਨੂੰ ਰਾਮ ਰਾਜ ਆਖ ਰਹੀ ਹੈ ਤੇ ਦੂਜੀ ਜਮਹੂਰੀਅਤ ਅਥਵਾ ਲੋਕਰਾਜ। ਪਰ ਦਿਲੋਂ ਦੋਵੇਂ ਬੇਈਮਾਨ ਹਨ। ਇਕ ਰਾਮ ਨੂੰ ਬਦਨਾਮ ਕਰ ਰਿਹਾ ਹੈ ਤੇ ਦੂਜਾ ਲੋਕਰਾਜ ਦੀ ਮਿੱਟੀ ਪਲੀਤ ਕਰ ਰਿਹਾ ਹੈ। ਰਾਮ ਤੇ ਲੋਕਰਾਜ ਤਾਂ ਤੁਹਾਨੂੰ ਧੋਖਾ ਦੇਣ ਲਈ ਵਰਤੇ ਜਾ ਰਹੇ ਐ। ਭੋਲਿਓ, ਪਹਿਲਾਂ ਇਹ ਸਮਝੋ, ਇਨ੍ਹਾਂ ਦਾ ਹੁਣ ਤੱਕ ਕਿਰਦਾਰ ਕੀ ਰਿਹਾ ਹੈ? ਸਿੱਖਾਂ ਦਾ ਸ੍ਰੀ ਅਕਾਲ ਤਖਤ ਤੇ ਮੁਸਲਮਾਨਾਂ ਦੀ ਬਾਬਰੀ ਮਸਜਿਦ ਢਾਹ ਕੇ ਤੁਹਾਨੂੰ ਅਗਾਊਂ ਟਰੇਲਰ ਵਿਖਾਇਆ ਗਿਆ ਹੈ। ਈਸਾਈਆਂ ਦੇ ਗਿਰਜੇ ਨੁਕਸਾਨੇ ਤੇ ਮਾਸੂਮ ਬੱਚਿਆਂ ਨੂੰ ਕਤਲ ਕੀਤਾ। ਪਿਛੜੇ ਵਰਗਾਂ ਨੂੰ ਜਦੋਂ ਜੀ ਵਿਚ ਆਉਂਦੀ ਐ ਫਸਾਦ ਖੜੇ ਕਰਕੇ ਮਾਰਨਾ ਵੱਢਣਾ ਸ਼ੁਰੂ ਕਰ ਦਿੰਦੇ ਹਨ। ਇਹ ਵੀ ਕਦੇ ਨਾ ਭੁੱਲੋ, ਜਮਹੂਰੀਅਤ ਵਿਚ ਵੀ ਬਹੁ-ਗਿਣਤੀ ਫਾਸਿਸਟ ਤਾਕਤ ਹੁੰਦੀ ਐ। ਘੱਟ-ਗਿਣਤੀਆਂ ਜੁੜ ਕੇ ਹੀ ਲੋਹ ਸ਼ਕਤੀ ਬਣ ਸਕਦੀਆਂ ਹਨ; ਹੋਰ ਕੋਈ ਚਾਰਾ ਨਹੀਂ।

ਰਹਿ ਰਹਿ ਜੀ ਵਿਚ ਆਉਂਦੀ ਐ, ਸਤਾਰਾਂ ਥਾਂ ਹੋਏ ਅਕਾਲੀ ਪੰਜਾਬੀਆਂ ਨੂੰ, ਪਹਿਲੋਂ ਰੱਜਵਾਂ ਮੌਹਰਾ ਛਕਾ ਕੇ ਟੁੱਟੇ ਜਹਾਜ਼ ਉੱਤੇ ਚਾੜ੍ਹ ਲਿਆ ਜਾਵੇ ਤੇ 'ਸਤਿਨਾਮ' ਕਹਿ ਕੇ ਸਮੁੰਦਰੀ ਤੂਫਾਨ ਦੇ ਹਵਾਲੇ ਕਰ ਦਿੱਤਾ ਜਾਵੇ। ਤੇ ਡੁੱਬਦਿਆਂ ਨੂੰ ਯਕੀਨ ਦੁਆ ਦਿੱਤਾ ਜਾਵੇ; "ਤੁਹਾਡੇ ਭੋਗ ਜ਼ਰੂਰ ਪਾ ਦਿੱਤੇ ਜਾਣਗੇ। ਹੁਣ ਜਿਹਾ ਕਰੋ, ਤੇਹਾ ਭਰੋ ਵੀ।" ਕੌਮੀ ਕੋਹੜ ਘਰੋਂ ਕੱਢੇ ਬਿਨਾਂ, ਕੌਮ ਵਿਚ ਚੱਟਾਨ

ਵਰਗੀ ਮਜ਼ਬੂਤੀ ਨਹੀਂ ਆ ਸਕਦੀ। ਇਹ ਮੇਰੀ ਰਾਏ ਨਹੀਂ, ਮੰਜੇ ਪਏ ਪੰਜਾਬ ਕਿਸਾਨ ਦੀ ਮਜਬੂਰੀ ਮੂੰਹੋਂ ਘਟਦੀ ਜਾਂਦੀ ਬਦ ਦੁਆ ਹੈ। ਉਹ ਵੀ ਸੂਰਮੇ ਸਨ, ਜਿਨ੍ਹਾਂ ਕੁਰਬਾਨੀਆਂ ਕਰਕੇ ਰੁੜ੍ਹਦੀ ਜਾਂਦੀ ਹਿੰਦ ਬਚਾਈ ਸੀ। ਹੁਣ ਹਾਲਤ ਇਹ ਹੈ, ਮਰਦੇ ਤਾਂ ਕਿਸਾਨ ਹਨ, ਉਨ੍ਹਾਂ ਦੇ ਭੋਗ ਅਕਾਲੀ ਆਗੂ ਪਾਉਂਦੇ ਐ। ਜ਼ੁਲਮ ਸਹਿੰਦੀਆਂ ਘੱਟ-ਗਿਣਤੀਆਂ ਆਸ ਕਰਦੀਆਂ ਹਨ; ਸਿੱਖ ਬਹਾਦਰ ਸ਼ਹੀਦਾਂ ਦੀ ਔਲਾਦ ਹਨ; ਬਹੁ-ਗਿਣਤੀ ਦੇ ਜ਼ੁਲਮਾਂ ਨੂੰ ਠੱਲ੍ਹ ਪਾਉਣਗੇ। ਈਸਾਈਆਂ ਦੇ ਗਿਰਜੇ ਫੂਕੇ ਤੇ ਤੋੜੇ, ਜਿਉਂਦੇ ਬੰਦੇ ਸਾੜੇ, ਜੈਨੀ ਬੋਧੀ ਚੱਜ ਨਾਲ ਹੀ ਗੁੱਠੇ ਲਾਏ ਐ। ਪੁਰਾਣੀ ਸਾਂਝ ਕਾਰਨ ਕਤਲ ਨਹੀਂ ਕੀਤੇ। ਸ੍ਰੀ ਅਕਾਲ ਤਖਤ ਤੋਪਾਂ ਨਾਲ ਢਾਹਿਆ, ਬਾਬਰੀ ਮਸਜਿਦ ਦੀ ਇੱਟ ਇੱਟ ਖਿਲਾਰ ਦਿੱਤੀ। ਕਾਂਗਰਸ ਚੁੱਪ ਹੀ ਵੱਟ ਗਈ। ਊਂ ਮੁਸਲਮਾਨਾਂ ਦੀਆਂ ਵੋਟਾਂ ਵਟੋਰਨ ਨੂੰ ਪਹਿਲੇ ਨੰਬਰ ਦੀ ਹੇਜਲੀ ਬਣਦੀ ਹੈ। ਕੀ ਕਾਂਗਰਸ ਸਰਕਾਰ ਮਸਜਿਦ ਤੋੜਨੋਂ ਰੋਕ ਨਹੀਂ ਸਕਦੀ ਸੀ? ਨਹੀਂ ਰੋਕੀ, ਸਾਫ ਜ਼ਾਹਰ ਹੈ ਅੰਦਰ ਖਾਤੇ ਮਿਲੀਭੁਗਤ ਸੀ। ਗੁਜਰਾਤ ਵਿਚ ਮੁਸਲਮਾਨ ਭਰਾਵਾਂ ਦੀ ਬੇਪ੍ਰਵਾਹ ਹੋ ਕੇ ਕਤਲਾਮ ਕੀਤੀ। "ਸਦੀਆਂ ਭਏ ਕੋਤਵਾਲ ਅਬ ਡਰ ਕਾਹੇ ਕਾ।" ਫਿਰਕੂ ਬਹੁ-ਗਿਣਤੀ ਦੇ ਹੌਸਲੇ ਹੋਰ ਬੁਲੰਦ ਹੁੰਦੇ ਗਏ। ਇਹੋ ਹਾਲ ਹਰੀਜਨ ਭਰਾਵਾਂ ਦਾ ਕੀਤਾ ਜਾਂਦਾ ਹੈ। ਸਰਕਾਰ ਸੁੱਤੀਆਂ ਅੱਖਾਂ ਓਦੋਂ ਮਲਦੀ ਹੈ; ਜਦੋਂ ਮਨੁੱਖੀ ਲਹੂ ਦੇ ਦਰਿਆ ਵਗ ਕੇ ਸੁੱਕ ਚੁੱਕੇ ਹੁੰਦੇ ਐ। ਫਿਰਕੂ ਤਾਕਤਾਂ ਦੀ ਲਿਪਾ ਪੋਤੀ ਵੇਖੋ, ਇਸ ਤਰ੍ਹਾਂ ਦੀ ਕਤਲੋਗਾਰਤ ਨੂੰ ਰਾਮਰਾਜ ਦਾ ਨਾਂ ਦਿੱਤਾ ਜਾਂਦਾ ਹੈ। ਜੇ ਇਹਦਾ ਨਾਂ ਰਾਮਰਾਜ ਅਥਵਾ ਲੋਕਰਾਜ ਹੈ, ਤਦ ਘੱਟ-ਗਿਣਤੀਆਂ ਨੂੰ ਹੁਣੇ ਸਮਝ ਲੈਣਾ ਚਾਹੀਦਾ ਹੈ; ਅਗਾਂਹ ਆਉਣ ਵਾਲਾ ਹਰਨਾਖਸ਼ ਰਾਜ ਕਿਹੋ ਜਿਹਾ ਹੋਵੇਗਾ। ਮੁਸਲਮਾਨ ਰਾਜਿਆਂ ਦੇ ਜ਼ੁਲਮਾਂ ਦਾ ਬਦਲਾ ਗਰੀਬ ਕਾਮਿਆਂ ਕਿਸਾਨਾਂ ਤੋਂ ਲਿਆ ਜਾ ਰਿਹਾ ਹੈ। ਇਹ ਆਜ਼ਾਦੀ ਆਈ ਐ ਕਿ ਬਦਲੇ ਲੈਣ ਦੀ ਵਾਰੀ ਆਈ ਐ? ਘੱਟ-ਗਿਣਤੀਆਂ ਵੱਲੋਂ ਸਿਰੇ ਦੀ ਲਾਹਨਤ।

ਕੌਮੀ ਪੱਖੋਂ ਨਿੱਸਲ ਹੋਏ ਸਿੱਖਾਂ ਦਾ ਕੋਈ ਕੀ ਇਲਾਜ ਕਰੇ। ਜਿੰਨੀ ਵੱਡੀ ਤਾਰੀਖੀ ਭੱਲ ਖੱਟੀ ਸੀ, ਉਸ ਤੋਂ ਕਿਤੇ ਵੱਡੀ ਲਾਹਨਤ ਗਲ ਪੁਆ ਲਈ। ਗੁਰਦਵਾਰਿਆਂ ਦਾ ਧਾਨ ਖਾਣ ਵਾਲਿਆਂ ਵਿਚੋਂ ਸਿਦਕ-ਸਿਰੜ, ਪਰ ਲਾ ਕੇ ਉੱਡ ਜਾਂਦਾ ਹੈ। ਜਦੋਂ ਅਣਖ ਮਰ ਜਾਵੇ; ਕੌਮ ਖਲੋਤੀ ਕਿਵੇਂ ਰਹਿ ਸਕਦੀ ਹੈ। ਇਹ ਮੈਂ ਇਲਜ਼ਾਮ ਨਹੀਂ ਲਾ ਰਿਹਾ, ਇਨ੍ਹਾਂ ਅਕਾਲੀ ਆਗੂਆਂ ਦਾ ਝੂਠਾ ਕਿਰਦਾਰ ਹੀ ਸਾਬਤ ਕਰ ਰਿਹਾ ਹੈ। ਗੁਰਗੱਦੀ ਲਾਉਣ ਵਾਲੇ ਬਾਈ ਮੰਜੀ ਦੇ ਠੱਗਾਂ ਤੇ ਅੱਜ ਦੇ ਅਕਾਲੀਆਂ ਵਿਚ ਕਿੰਨਾ ਕੁ ਫਰਕ ਹੈ? 'ਅਕਾਲ ਅਕਾਲ' ਦੇ ਨਾਅਰੇ

ਤਾਂ ਲਾ ਰਹੇ ਐ; ਪਰ ਜਿਸ ਰਸਾਤਲ ਵਿਚ ਇਨ੍ਹਾਂ ਖਾਣ ਸੂਰਿਆਂ ਕੌਮ ਨੂੰ ਸੁੱਟ ਪਾਇਆ ਹੈ; ਉਸ ਨੂੰ ਕੱਢੇਗਾ ਕੌਣ? ਦਸਮ ਪਾਤਸ਼ਾਹ, ਸੂਰਮੇ ਸ਼ਹੀਦ ਬੰਦਾ ਸਿੰਘ ਬਹਾਦਰ ਤੇ ਸਿੱਖ ਰਾਜ ਦੀਆਂ ਮਿਸਲਾਂ ਅੱਗੇ ਲਿਆਉਣਗੇ। ਇਨ੍ਹਾਂ ਨੂੰ ਤਾਂ ਹਾਲੇ ਇਹ ਅਕਲ ਵੀ ਨਹੀਂ ਆਈ, ਗਿਆ ਵਕਤ ਕਦੇ ਕਿਸੇ ਕੀਮਤ 'ਤੇ ਵਾਪਸ ਨਹੀਂ ਆਇਆ। ਰੋਈ ਜਾਓ ਬੈਠੇ ਜਣਦਿਆਂ ਨੂੰ। ਜਿਹੜੀ ਕੌਮ ਆਪਣੀ ਜੁਰੱਅਤ ਤੇ ਮੌਕੇ ਦੀ ਵਤ ਗਵਾ ਲਵੇ; ਉਹਦੀ ਤਾਂ ਆਪਣੀ ਸੜੀ ਹੋਈ ਸੁਆਹ ਵੀ ਬਾਕੀ ਨਹੀਂ ਰਹਿੰਦੀ। ਹੁਣ ਸਿੱਧੇ ਹੋ ਕੇ ਪੰਜਾਲ਼ੀ ਜੋਏ ਵਹਾਈ ਕਰਾਓ।

ਮੈਂ ਨਾਚੀਜ਼ ਅਣੂੰ ਜ਼ਰੂਰ ਆਂ; ਪਰ ਖ਼ੁਦਗਰਜ਼ ਤੇ ਲਾਲਚੀ ਨਹੀਂ। ਰਾਜਸੀ ਪਾਰਟੀਆਂ ਦੇ ਨੇੜੇ ਰਹਿੰਦਾ ਖ਼ੁਰਿਆ ਨਹੀਂ। ਗੁਰੂ ਦੀ ਸਿੱਖੀ, ਤੇ ਵਿਰਸੇ ਵਿਚ ਮਿਲੀ ਥੋੜ੍ਹੀ ਬਹੁਤ ਗੈਰਤ ਸਾਂਭੀ ਬੈਠਾ ਆਂ। ਬਖਸ਼ਣਹਾਰ ਗੁਰੂ ਮੇਰੇ ਨਾਲ ਸਾਡੇ ਅਨਾੜੀਆਂ ਨੂੰ ਮਤ ਦੇਵੇ। ਗੁਰੂ ਗੋਬਿੰਦ ਸਿੰਘ ਨੇ ਜ਼ੁਲਮ ਦੇ ਵਿਰੁੱਧ ਸਿਦਕ ਦੀ ਜੰਗ ਲੜ ਕੇ, ਸਾਂਝੇ ਤੇ ਨਵੇਂ ਸੰਕਲਪਾਂ ਵਾਲੀ ਖਾੜਕੂ ਕੌਮ ਖੜੀ ਕੀਤੀ। ਬਦੀ ਵਿਰੁੱਧ ਉਸ ਦੀ ਛੇੜੀ ਨੇਕੀ ਦੀ ਜੰਗ ਵਿਚ ਹਿੰਦੂ, ਮੁਸਲਮਾਨ ਤੇ ਸਿੱਖ ਬਰਾਬਰ ਸ਼ਹੀਦ ਹੁੰਦੇ ਰਹੇ। ਉਸ ਜੇਤੂ ਰੋਸ਼ਨੀ ਵਿਚ ਜੇ ਸਾਰੀਆਂ ਕਮਜ਼ੋਰ ਤੇ ਘੱਟ-ਗਿਣਤੀਆਂ ਸਿਰ ਜੋੜ ਕੇ ਲੜੀਆਂ ਸਨ। ਅੱਜ ਦੇ ਵਰਤਮਾਨ ਵਿਚ ਵੀ ਉਨ੍ਹਾਂ ਸਾਰੀਆਂ ਘੱਟ-ਗਿਣਤੀਆਂ ਦਾ ਸਾਂਝਾ ਮੋਰਚਾ ਯਕੀਨਨ ਤਾਰੀਖੀ ਮੱਲਾਂ ਮਾਰ ਸਕਦਾ ਹੈ। ਹੋਸ਼ ਦੀ ਕੋਈ ਦਵਾ ਕਰੋ; ਇਕੱਲੇ ਇਕੱਲੇ ਕਿਉਂ ਕੁੱਟ ਖਾਂਦੇ ਹੋ? ਘੱਟ-ਗਿਣਤੀਆਂ ਤੇ ਦਲਿਤ ਭਾਈਚਾਰੇ ਦੀ ਲੋਹ ਸ਼ਕਤੀ ਜੋੜ ਕੇ ਮਜ਼ਬੂਤ ਕਿਲ੍ਹਾ ਕਿਉਂ ਨਹੀਂ ਖੜਾ ਕਰਦੇ? ਸਾਂਝੀ ਵਿਚਾਰ ਸ਼ਕਤੀ ਯਕੀਨ ਕਰੋ, ਤਿੱਖੇ ਤੋਂ ਤਿੱਖੇ ਮਾਰੂ ਹਥਿਆਰਾਂ ਨੂੰ ਹਰਾ ਸਕਦੀ ਐ। ਇਤਿਹਾਸ ਸਬੂਤ ਵਜੋਂ ਪੱਕਾ ਗਵਾਹ ਹੈ ਹਰ ਪੱਖੋਂ ਭੁੱਖਿਆਂ ਤੇ ਨਲੱਜਾਂ ਤੋਂ ਭੋਲੀ ਭਾਲੀ ਕੌਮ ਨੂੰ ਬਚਾਉ। ਇਹ ਕੌਮ ਨੂੰ ਵੇਚ ਕੇ, ਗਦਾਰੀਆਂ ਕਰਨ ਵਾਲੇ ਡੋਗਰਿਆਂ ਦੇ ਦੂਜੇ ਸਕੇ ਸੰਬੰਧੀ ਹਨ। ਇਸ ਵੇਲੇ ਸਾਰੀਆਂ ਘੱਟ-ਗਿਣਤੀਆਂ ਰਾਜਸੀ ਦਾਬੇ ਵਿਚ ਆਈਆਂ ਹੋਈਆਂ ਹਨ। ਦੂਜੇ ਬੰਨੇ ਧੂਏਂ ਦੇ ਬੱਦਲਾਂ ਤੋਂ ਬਾਰਿਸ਼ ਦੀ ਆਸ ਨਾ ਕਰੋ। ਗੁਰੂ ਭਰੋਸੇ ਨਾਲ ਜੁੜ ਕੇ ਬਲਵਾਨ ਬਰਕਤ ਤਾਕਤ ਬਣੋ ਤੇ ਤਾਕਤ ਨੂੰ ਰਾਜਸੀ ਸੂਝ ਦੀ ਬੈਅਤ ਕਰਾਉਂਦੇ ਰਾਜ 'ਤੇ ਕਬਜ਼ਾ ਕਰੋ। ਜੁੜਵੀਆਂ ਸ਼ਕਤੀਆਂ ਤੇ ਸੂਝ ਦੇ ਚਾਨਣ ਨੂੰ ਕਾਮਯਾਬੀਆਂ ਨੇ ਸਦਾ ਸਲਾਮ ਕੀਤੀ ਹੈ। ਸਮੇਂ ਦੀ ਕੰਜੂਸੀ ਨਾਲ ਸੰਭਾਲ ਕਰੋ; ਸਮਾਂ ਹੀ ਸੋਨਾ ਹੈ। ਸਮਾਂ ਗਵਾ ਲੈਣ ਵਾਲਿਆਂ ਦੇ ਹੱਥ ਗੁਲਾਮੀ ਦੀਆਂ ਲੀਰਾਂ ਹੀ ਰਹਿ ਜਾਂਦੀਆਂ ਹਨ।

ਘੱਟ-ਗਿਣਤੀਆਂ ਤੇ ਵਿਹੜਿਆਂ ਦੇ ਭਾਈਚਾਰਿਆਂ ਨੂੰ ਮੇਰੀ ਵੰਗਾਰ ਹੈ : ਫਿਰਕੂ ਹਿੰਦੂਵਾਦ ਦੇ ਸਤਾਏ ਲੋਕੋ, ਪਹਿਲੋਂ ਜੁੜੋ, ਫਿਰ ਆਪਣੇ ਸੰਦ ਤੇ ਹਥਿਆਰ ਸੰਭਾਲੋ। ਸਮਾਂ ਕਦੇ ਇਕ ਥਾਂ ਪੈਰ ਗੱਡ ਕੇ ਨਹੀਂ ਠਹਿਰਦਾ। ਜ਼ੁਲਮ ਦੀ ਹਨੇਰੀ ਦਾ ਲੱਕ ਉਹਦੇ ਆਪਣੇ ਗੁਨਾਹਾਂ ਦੇ ਭਾਰ ਨਾਲ ਹੀ ਟੁੱਟੇਗਾ ਤੇ ਮਨੁੱਖੀ ਸਾਂਝੀਵਾਲਤਾ ਦੀ ਸਵੇਰ ਹਰ ਹਾਲਤ ਵਿਚ ਚੜ੍ਹੇਗੀ। ਮਨੁੱਖ ਕਿੰਨਾ ਬਦ-ਬਲਵਾਨ ਹੋ ਜਾਵੇ; ਪਰ ਉਹ ਕੁਦਰਤ ਦੇ ਵਹਿਣ, ਚੜ੍ਹਦੇ ਸੂਰਜ ਨੂੰ ਨਹੀਂ ਰੋਕ ਸਕਦਾ। ਤੁਹਾਡਾ ਮਿਹਨਤੀ ਸੱਚ ਹਰ ਹਾਲ ਤਰੇਗਾ ਤੇ ਜ਼ੁਲਮਾਂ ਨੇ ਤਾਂ ਆਪਣੇ ਭਾਰ ਨਾਲ ਹੀ ਡੁੱਬ ਜਾਣਾ ਹੈ। ਪੁਰਾਣੇ ਹਿੰਦੁਸਤਾਨ ਦੇ ਮਾਲਕੋ! ਫਿਰਕੂ ਹਿੰਦੂ ਤੋਂ ਕੁੱਟ ਖਾ ਕੇ ਬੌਂਦਲੇ ਸਿੱਖ, ਰਾਜਸੀ ਵਿਹੁ ਘੋਲ ਰਹੇ ਐ। ਹੈਰਾਨ ਤੇ ਆਵਾਰਾ ਹੋਇਆਂ ਦੇ ਸਿੰਙੀ ਰੱਸਾ ਪਾ ਲਵੋ। ਲੜਨ ਭਿੜਨ ਨੂੰ ਇਹ ਭੂਤਨੇ ਐ। ਲਹੂ ਦਾ ਮੈਦਾਨ ਮੱਲੇ ਬਿਨਾਂ ਰਾਜ ਗੱਦੀਆਂ ਦੇ ਹੁਕਮ ਹਾਸਲ ਕਦੇ ਹੱਥ ਨਹੀਂ ਲੱਗੇ। ਇਹ ਸਿੱਖ ਬੇਇੱਜ਼ਤ ਤੇ ਕੁੱਟ ਦੇ ਵਿਰੋਧ ਵਿਚ ਮਾਯੂਸ ਹੋਏ, ਤੁਹਾਡੇ ਵਿਹੜਿਆਂ ਨੂੰ ਆਉਣਗੇ। ਫੱਟੀ ਨੂੰ ਫੱਟੀ ਮਿਲੇ, ਤਾਕਤ ਬਣੇ ਬਲਾ। ਦੁਸ਼ਮਣ ਯਕੀਨਨ ਲੜਾਕੂ ਸ਼ਕਤੀ ਨਹੀਂ, ਬੁਜ਼ਦਿਲ ਹੈ। ਉਹ ਤਾਂ ਤੁਹਾਡੀ ਮਿਹਨਤ ਸ਼ਕਤੀ ਨੂੰ ਖੇਰੂੰ-ਖੇਰੂੰ ਕਰਕੇ ਰਾਜ ਚਲਾ ਰਿਹਾ ਹੈ। ਆਵਾਰਾ ਹੋਏ ਸਿੰਘਾਂ ਦੇ ਸਿੰਙੀ ਰੱਸਾ ਪਾ ਲਵੋ। ਲੜਨ ਨੂੰ ਭੂਤਨੇ ਐ। ਹੁਣ ਤੱਕ ਇਨ੍ਹਾਂ ਲੜਨਾ ਤੇ ਹਲ ਵਾਹੁਣਾ ਹੀ ਸਿੱਖਿਆ ਹੈ। ਅੰਨ੍ਹੀ ਸ਼ਕਤੀ ਨੂੰ ਵਿਉਂਤਬੰਦ ਕਰ ਲਵੋ। ਲੋਹਾ ਪੂਰਾ ਗਰਮ ਹੈ, ਸੱਟ ਲਾ ਕੇ ਡੰਗ ਕੱਢ ਲਵੋ। ਦੁਸ਼ਮਣ ਦਿਲ ਦਾ ਢੋਲ ਪੋਲ ਐ; ਉਹਦੀ ਆਵਾਜ਼ ਤੋਂ ਨਾ ਡਰੋ। ਜੁੜੋ ਤੇ ਪੈਰ ਗੱਡ ਕੇ ਲੜੋ, ਚੜ੍ਹਦੀ ਕਲਾ ਤੁਹਾਨੂੰ ਵਧਾਈਆਂ ਦੇਵੇਗੀ। ਇਕੱਲੇ-ਇਕੱਲੇ ਵਾਰੀ ਵਾਰੀ ਕੁੱਟ ਖਾ ਰਹੇ ਹੋ, ਜੁੜਵੀਂ ਲੋਹ-ਸ਼ਕਤੀ ਕਿਉਂ ਨਹੀਂ ਬਣਦੇ? ਮੁਕਾਬਲਾ ਕੱਚੀਆਂ ਕੰਧਾਂ ਤੇ ਜੁੜੀਆਂ ਚੱਟਾਨਾਂ ਨਾਲ ਹੈ। ਕਿੱਥੇ ਬੰਦਾ ਬਹਾਦਰ ਤੇ ਕਿੱਥੇ ਗੁਰੂ ਗੋਬਿੰਦ ਸਿੰਘ ਦੇ ਮਾਸੂਮ ਬੱਚਿਆਂ ਨੂੰ ਮਾਰਨ ਵਾਲਾ ਸਰਹਿੰਦ ਦਾ ਬੁਜ਼ਦਿਲ ਨਵਾਬ। ਲੜਾਈ ਬੁਜ਼ਦਿਲੀ ਤੇ ਬਹਾਦਰੀ, ਸੱਚ ਤੇ ਝੂਠ ਵਿਚਕਾਰ ਲੜੀ ਜਾ ਰਹੀ ਐ। ਨੇਕੀ ਨੇ ਬਦੀ ਦਾ ਹਨੇਰਾ ਪਾੜ ਕੇ ਲੋਕਾਂ ਨੂੰ ਸੱਚ ਦੇ ਮਾਰਗ ਪਾਇਆ ਹੈ। ਜਿੱਤ ਯਕੀਨਨ ਨੇਕੀ ਨੂੰ ਮਿਲੇਗੀ। ਹੁਣ ਤੱਕ ਦੀ ਜੱਦੋ-ਜਹਿਦ ਪੱਕੀ ਗਵਾਹ ਹੈ। ਪੂਰੀ ਦ੍ਰਿੜ੍ਹਤਾ ਨਾਲ ਜੁੜੋ ਤੇ ਅੱਗੇ ਵਧੋ। ਕੂੜ ਨੂੰ ਫਿਟਕਾਰ ਤੇ ਸੱਚ ਨੂੰ ਸਦਾ ਸ਼ਾਬਾਸ਼ ਮਿਲੀ ਹੈ। ਸੱਚ ਸਦਾ ਤੁਹਾਡਾ ਅਗਵਾਨੂੰ ਰਿਹਾ ਹੈ।

ਇਕ ਹੈਰਾਨੀ, ਸਾਰੀਆਂ ਘੱਟ-ਗਿਣਤੀਆਂ ਵਾਰੀ ਵਾਰੀ ਕੁੱਟ ਖਾਧੀ। ਲਿਤਾੜੇ, ਬੇਇੱਜ਼ਤ ਤੇ ਕਤਲ ਕੀਤੇ ਗਏ, ਫਿਰ ਵੀ ਇਕ ਮਜ਼ਬੂਤ ਮੋਰਚੇ ਵਿਚ

ਕਿਉਂ ਨਹੀਂ ਜੁੜਦੇ; ਜਦੋਂ ਸਿਰੜ ਬੇਪ੍ਰਵਾਹ ਹੈ? ਜੋੜ ਕਮਜ਼ੋਰਾਂ ਨੂੰ ਮਹਾਂਬਲੀ ਬਣਾਉਂਦਾ ਏ ਤੇ ਜਿੱਤ ਦੀ ਜਾਮਣੀ ਵੀ ਭਰਦਾ ਹੈ। ਆਰਥਿਕ ਪੱਖੋਂ ਲਿਤਾੜੇ ਗਰੀਬ ਤਬਕਿਆਂ ਨੂੰ ਮੈਂ ਪੂਰੇ ਵਿਸ਼ਵਾਸ ਨਾਲ ਲਲਕਾਰਦਾ ਆਂ; ਇਕ ਮਜ਼ਬੂਤ ਮੋਰਚੇ ਵਿਚ ਜੁੜੋ; ਜਿੱਤ ਯਕੀਨਨ ਤੁਹਾਨੂੰ ਸਲਾਮ ਕਰੇਗੀ। ਤਸੱਲੀ ਰੱਖੋ, ਉੱਕਾ ਹੀ ਨਾ ਘਬਰਾਓ ਤੇ ਤਾਕਤ ਜੋੜੋ, ਜੱਦੋ-ਜਹਿਦ ਜਾਰੀ ਰੱਖੋ। ਹਾਲਾਤ ਦਾ ਵਗਦਾ ਪਾਣੀ ਯਕੀਨਨ ਨੀਵੇਂ ਥਾਂ ਨੂੰ ਆਵੇਗਾ। ਤੁਹਾਡੀ ਆਜ਼ਾਦ ਕਲਿਆਣ ਦਾ ਸੂਰਜ ਸੌ ਹਨੇਰੇ ਪਾੜ ਕੇ ਚੜ੍ਹੇਗਾ। ਵਿਸ਼ਵਾਸ ਕਰੋ, ਮਜ਼ਬੂਤ ਇਰਾਦੇ ਨਾਲ ਜੁੜੋ, ਸੱਚ ਦੀ ਫਤਹਿ ਨੂੰ ਕੋਈ ਬੁਜ਼ਦਿਲ ਕਦੇ ਰੋਕ ਨਹੀਂ ਸਕਿਆ। ਗੁਰੂ ਗੋਬਿੰਦ ਸਿੰਘ ਦੀ ਲਾਈਨ ਨੂੰ ਯਾਦ ਕਰੋ, ਜਿਸ ਝੂਠੀਆਂ ਸ਼ਾਹੀਆਂ ਠੁਕਰਾ ਕੇ ਮਿਹਨਤੀ ਕਾਮਿਆਂ ਦੀ ਨਾਦਾਰੀ ਨੂੰ ਗਲ੍ਹ ਲਾਇਆ ਤੇ ਸਾਰੇ ਪਰਿਵਾਰ ਦੀਆਂ ਸ਼ਹਾਦਤਾਂ ਦੇ ਕੇ ਤੁਹਾਨੂੰ ਸਰਦਾਰੀਆਂ ਬਖਸ਼ੀਆਂ। ਸੱਚ ਦੇ ਰਾਹ ਦੀਆਂ ਸ਼ਹਾਦਤਾਂ ਦੀ ਇਤਿਹਾਸ ਵਿਚ ਸਦਾ ਜੈ ਜੈ ਕਾਰ ਹੋਈ ਹੈ। ਕਮਜ਼ੋਰ ਲਿਤਾੜੇ ਜੁੜ ਕੇ ਸਦਾ ਜੇਤੂ ਸ਼ਕਤੀ ਬਣੇ ਐ। ਇਤਿਹਾਸ ਇਸ ਦਾ ਪੱਕਾ ਗਵਾਹ ਹੈ।

ਹਾਂ, ਇਕ ਜ਼ਰੂਰੀ ਗੱਲ ਵਿਹੜਿਆਂ ਵਾਲੇ ਪੰਜਾਬੀਆਂ ਨੂੰ ਮਜਬੂਰੀ ਮੂੰਹ ਪੁੱਛਦਾ ਆਂ, ਵੱਖ-ਵੱਖ ਖਿੱਚੜ ਪਕਾਉਂਦਿਆਂ ਤੇ ਆਪੋ ਵਿਚ ਲੜਦਿਆਂ, ਗੁਲਾਮੀ ਦੀ ਜ਼ਿੱਲਤ ਵਿਚ ਮਰਨਾ ਹੈ; ਜਾਂ ਸ਼ਾਨਾਂ ਮੱਤਾਂ ਵਾਲਾ ਰਾਜ ਕਰਨਾ ਹੈ? ਸਦੀਆਂ ਵਿਗਾਰਾਂ ਕੀਤੀਆਂ, ਕੁੱਟ ਖਾਧੀ, ਕਤਲ ਕੀਤੇ ਤੇ ਬੇਥਾਹ ਜ਼ਲੀਲ ਹੋਏ; ਹੁਣ ਤਾਂ ਸਭ ਵਖਰੇਵੇਂ ਭੁਲਾ ਕੇ ਕੌਮੀ ਏਕੇ ਵਿਚ ਆ ਜਾਉ। ਮਜ਼ਬੂਤ ਏਕਾ, ਤੁਹਾਡੀਆਂ ਸਾਰੀਆਂ ਮੁਸ਼ਕਲਾਂ ਦੀ ਦਾਰੂ ਹੈ, ਕਲਿਆਣ ਹੈ। ਆਪਣੇ ਵਰਗੇ ਕੁੱਟੇ ਭੰਨੇ ਭਰਾਵਾਂ ਨੂੰ ਗਲਵਕੜੀਆਂ ਪਾਉ। ਫਾਰਸੀ ਕਹੌਤ : "ਕਤਰਾ ਕਤਰਾ ਸ਼ੁਬੇ ਦਰਿਆ।" ਜੇ ਕਤਰਾ ਕਤਰਾ ਜੁੜ ਕੇ ਤੂਫਾਨ ਬਣ ਸਕਦਾ ਹੈ; ਕਿਉਂ ਨਹੀਂ ਯਕੀਨ ਕਰਦੇ, ਕਮਜ਼ੋਰੀਆਂ ਜੁੜ ਕੇ ਬਲੰਦੋ ਬਾਲਾ ਜੇਤੂ ਬਹਾਦਰੀ ਬਣ ਸਕਦੀਆਂ ਹਨ। ਹੁਣ ਜੁੜ ਕੇ ਪਰਨ ਕਰੋ, ਲੁਟੇਰੇ ਡਕੈਤਾਂ ਵਿਰੁੱਧ ਲੋਕ ਸ਼ਕਤੀ ਬਣ ਕੇ ਆਪਣੀ ਕਿਸਮਤ ਹਰ ਹਾਲ ਰੌਸ਼ਨ ਕਰਨੀ ਹੈ ਤੇ ਰਾਜ ਕਰਨਾ ਹੈ। ਨਾਅਰਾ ਹੋਵੇ, ਜਿਹੜਾ ਕਮਾਵੇ, ਰੱਜ ਖਾਵੇ। ਵਿਹਲੜਾਂ ਦੇ ਭੁੱਖੇ ਮਰਨ ਵਿਚ ਹੀ ਦੇਸ ਦੀ ਖੁਸ਼ਹਾਲੀ ਹੈ, ਉੱਚੀ ਸ਼ਾਨ ਹੈ। ਜ਼ੱਰਾ ਜ਼ੱਰਾ ਜੁੜਿਆ ਪਹਾੜ, ਖੇਰੂੰ ਖੇਰੂੰ ਹੋਇਆ ਟਿੱਬਾ ਪੈਰਾਂ ਲਿਤਾੜੀ ਰੇਤ। ਅੱਜ ਜਿਹੜੀ ਵਿਹਲੜ ਕੌਮ, ਤੁਹਾਨੂੰ ਪੈਰਾਂ ਹੇਠ ਲਿਤਾੜੀ ਤਖਤ ਮੱਲੀ ਬੈਠੀ ਹੈ; ਆਪਣਾ ਤਹਿਤ ਜਮਾਈ ਰੱਖਣ ਲਈ ਕਤਲਾਮਾਂ 'ਤੇ ਆ ਜਾਂਦੀ ਹੈ; ਉਹਦੇ ਅੰਦਰ ਡਰ ਬੈਠਾ ਹੋਇਆ ਹੈ; ਕਿਤੇ ਜੁੜ ਕੇ ਬਾਂਵਰੇ

ਮੈਨੂੰ ਗਲ ਪਰਨੇ ਨਾ ਕਰ ਦੇਣ। ਕਰਾੜ ਦਾ ਵਿਸਰ ਭੋਲ ਦਾਅ ਲੱਗ ਗਿਆ, ਉਸ ਜੱਟ ਨੂੰ ਢਾਹ ਲਿਆ। ਕਰਾੜ ਡਰਦਾ ਉੱਤੇ ਪਿਆ ਰੋਈ ਜਾ ਰਿਹਾ ਸੀ। ਕਿਸੇ ਪੁੱਛਿਆ, ਓਏ ਕਰਾੜਾ ਉੱਤੇ ਪਿਆ ਕਿਉਂ ਰੋਂਦਾ ਏ? ਕਰਾੜ ਦਾ ਜਵਾਬ ਸੀ ਇਹ ਜੱਟ-ਜਮ ਉੱਠ ਕੇ ਮੈਨੂੰ ਮਾਰੇਗਾ। ਤੁਸੀਂ ਮੂਰਖੋ, ਕਿਉਂ ਨਹੀਂ ਸਮਝਦੇ, ਹਜ਼ਾਰ ਵਰ੍ਹਾ ਗੁਲਾਮ ਤੇ ਮੂੰਹ ਵਿਚ ਘਾ ਲੈਣ ਵਾਲੇ ਮਾਰਸ਼ਲ ਕੌਮਾਂ ਅੱਗੇ ਕਿੰਨਾ ਕੁ ਚਿਰ ਅੜ ਸਕਦੇ ਹਨ। ਇਹ ਉਨਾ ਚਿਰ ਅੜਨਗੇ, ਤੁਹਾਨੂੰ ਕੁੱਟਦੇ ਮਾਰਦੇ ਖੱਜਲ ਵੀ ਕਰਨਗੇ, ਜਿੰਨਾ ਚਿਰ ਜੁੜ ਕੇ ਏਕੇ ਦੀ ਬੱਬ ਨਹੀਂ ਮਾਰਦੇ। ਹਰ ਤਰ੍ਹਾਂ ਦੇ ਨਿੱਕੇ ਮੋਟੇ ਗਿਲੇ ਸ਼ਿਕਵੇ ਵਗਾਹ ਕੇ ਮਜ਼ਬੂਤ ਸੱਦੇ ਸਿਕੰਦਰੀ ਬਣੋ। ਤੇ ਬੱਬਰ ਸ਼ੇਰਾਂ ਦੇ ਇਤਿਹਾਸ ਨੂੰ ਮੁੜ ਦੁਨੀਆਂ ਵਿਚ ਰੌਸ਼ਨ ਕਰੋ। ਕ੍ਰਿਸ਼ਨ ਭਗਵਾਨ ਨੇ ਅਰਜਨ ਨੂੰ ਝੰਜੋੜਿਆ ਸੀ;

"ਦੁਸ਼ਮਣ ਤਾਂ ਆਪਣੇ ਦੰਭਾਂ ਪਾਪਾਂ ਦੀਆਂ ਕਮਜ਼ੋਰੀਆਂ ਸਦਕਾ ਪਹਿਲਾਂ ਹੀ ਅੱਧ ਮਰਿਆ ਪਿਆ ਹੈ। ਤੇਰੇ ਕੋਲੋਂ ਤੀਰ ਚਲਾ ਕੇ ਜਸ ਕਿਉਂ ਨਹੀਂ ਲਿਆ ਜਾਂਦਾ?"

ਜਿਸ ਤਰ੍ਹਾਂ ਦੀ ਠੱਗੀ ਗਾਂਧੀ ਦੇ ਬ੍ਰਾਹਮਣਵਾਦ ਨੇ ਸਾਮਰਾਜ ਨਾਲ ਮਿਲ ਕੇ ਦੇਸ ਦੇ ਕਿਸਾਨਾਂ ਮਜ਼ਦੂਰਾਂ ਨਾਲ ਮਾਰੀ ਹੈ ਇਹਦੀ ਮਿਸਾਲ ਇਤਿਹਾਸ ਵਿਚ ਕਿਧਰੇ ਨਹੀਂ ਮਿਲਦੀ। ਦੋ ਠੱਗਾਂ ਮਿਲ ਕੇ ਜੱਟ ਦਾ ਬੱਕਰਾ, ਕੁੱਤਾ ਬਣਾ ਕੇ ਹਥਿਆ ਲਿਆ ਸੀ। ਬਹਾਦਰ ਸੁਭਾਸ਼ ਦੀ ਆਈ.ਐਨ.ਏ. ਵਾਲੇ, ਨਹਿਰੂ ਗਾਂਧੀ ਨੇ ਆਪਣੇ ਰਾਹ ਦਾ ਅੜਿੱਕਾ ਸਮਝ ਕੇ ਅੰਦਰ ਦੁਆ ਦਿੱਤੇ ਸਨ। ਜਹਾਜ਼ੀਆਂ ਦੀ ਉੱਠੀ ਬਗਾਵਤ ਨੂੰ ਪਟੇਲ ਤੇ ਮਿਸਟਰ ਜਿਨਾਹ ਨੇ ਠਾਰ ਲਿਆ ਸੀ :-

"ਪਿਆਰੇ ਤੇ ਸੂਰਮੇ ਭਰਾਓ! ਅੰਗਰੇਜ਼ ਸਾਨੂੰ ਆਜ਼ਾਦੀ ਦੇ ਕੇ ਜਾ ਰਿਹਾ ਹੈ। ਸਾਡੇ ਨਾਲ ਪੱਕੇ ਇਕਰਾਰ ਹੋ ਚੁੱਕੇ ਹਨ। ਲਹੂ ਦਾ ਤੁਪਕਾ ਡੋਲ੍ਹੇ ਬਿਨਾਂ ਆਜ਼ਾਦੀ ਮਿਲ ਰਹੀ ਹੈ। ਬਰਾਏ ਮਿਹਰਬਾਨੀ, ਤੁਸੀਂ ਹੁਣ ਕੰਮ ਖਰਾਬ ਨਾ ਕਰੋ। ਬਿਨਾਂ ਖੂਨ ਡੋਲ੍ਹੇ ਸਾਡੀ ਜਿੱਤ ਹੋ ਰਹੀ ਹੈ। ਸਾਡੀ ਬੇਨਤੀ ਹੈ, ਸਾਡੀ ਜ਼ਿੰਮੇਵਾਰੀ ਤੇ ਹਥਿਆਰ ਨੀਵੇਂ ਕਰ ਲਵੋ। ਅਸੀਂ ਹਰ ਤਰ੍ਹਾਂ ਦੀ ਹਵੀ ਨਵੀ ਦੇ ਜ਼ਿੰਮੇਵਾਰ ਆਂ।"

ਜਹਾਜ਼ੀਆਂ ਕਾਂਗਰਸ ਤੇ ਮੁਸਲਿਮ ਲੀਗ ਦੇ ਆਗੂਆਂ ਨੂੰ ਆਪਣੇ ਹਮਦਰਦ ਸਮਝ ਕੇ ਹਥਿਆਰ ਅੰਗਰੇਜ਼ ਅਫਸਰਾਂ ਅੱਗੇ ਰੱਖ ਦਿੱਤੇ। ਅੰਗਰੇਜ਼ਾਂ ਨੇ ਆਈ.ਐਨ.ਏ. ਵਾਲਿਆਂ ਵਾਂਗ ਸਾਰੇ ਫੜ ਕੇ ਅੰਦਰ ਤੁੰਨ ਦਿੱਤੇ। ਆਈ.ਐਨ.ਏ. ਤੇ ਜਹਾਜ਼ੀ ਗੱਭਰੂਆਂ ਦਾ ਦੇਸ ਭਗਤਕ ਵਿਸ਼ਵਾਸ ਕਤਲ ਹੋ ਕੇ ਰਹਿ ਗਿਆ। ਇਕ ਜਾਬਰ

ਸਾਮਰਾਜ ਦੀ ਸ਼ਹਿ ਤੇ ਆਈ.ਐਨ.ਏ. ਤੇ ਜਹਾਜ਼ੀ ਆਰਮੀ ਵਾਲਿਆਂ ਦਾ ਦੇਸ ਭਗਤਕ ਵਿਸ਼ਵਾਸ ਕਤਲ ਹੋ ਕੇ ਰਹਿ ਗਿਆ। ਸਾਮਰਾਜ ਦੀ ਤਿਕੜਮਬਾਜ਼ੀ ਨਾਲ ਤੇ ਦੂਜੇ ਤੱਕੜੀ ਦੇ ਪਾਸਕੂ ਮਰਨ ਵਾਲੇ ਚੌਦਾਂ ਪੰਦਰਾਂ ਦੇ ਗਦਰੀ ਬਾਬਿਆਂ ਤੇ ਹਜ਼ਾਰਾਂ ਸੂਰਬੀਰਾਂ ਦੀਆਂ ਕੁਰਬਾਨੀਆਂ ਹੜੱਪ ਕਰਕੇ ਰਾਜ ਦੇ ਮਾਲਕ ਬਣ ਬੈਠੇ। ਇਹੋ ਸਰਮਾਏਦਾਰੀ ਦੇ ਨੁਮਾਇੰਦੇ ਆਖਦੇ ਸਨ, ਖ਼ੂਨ ਦਾ ਤੁਪਕਾ ਬਹਾਏ ਬਿਨਾਂ ਆਜ਼ਾਦੀ ਜਿੱਤੀ ਹੈ। ਉਨ੍ਹਾਂ ਉੱਤੇ ਪੰਜਾਬ ਤੇ ਬੰਗਾਲ ਵਿਚ ਮਾਰੇ ਗਏ ਦਸ ਲੱਖ ਲੋਕਾਂ ਦੀ ਕਤਲਾਮ ਦੇ ਮੁਕੱਦਮੇ ਕਿਉਂ ਨਾ ਚਲਾਏ ਗਏ? ਐਨੀਆਂ ਵੱਡੀਆਂ ਠੱਗੀਆਂ ਤੇ ਤਾਰੀਖੀ ਧੋਖੇ ਨਹਿਰੂ ਗਾਂਧੀ ਹੀ ਕਰ ਸਕਦੇ ਸਨ।

ਮੈਂ ਮੁੜ ਦੁਹਰਾਉਂਦਾ ਆਂ, ਜਿਹੜੀ ਕੌਮ ਸਾਨੂੰ ਤੁਹਾਨੂੰ ਪੈਰਾਂ ਹੇਠ ਦੱਬੀ ਬੈਠੀ ਹੈ; ਅਣਖ ਵਾਲੀ ਕੋਈ ਜੋਧਾ ਕੌਮ ਨਹੀਂ। ਤੱਕੜੀ ਦਾ ਪਾਸਕੂ ਮਾਰਨ, ਇਕਰਾਰ ਕਰਕੇ ਮੁਕਰਨ ਤੇ ਪੈਰ ਪੈਰ ਤੇ ਧੋਖਾ ਦੇਣ ਵਾਲੀ ਕੌਮ ਐ। ਇਨ੍ਹਾਂ ਪੂਰਾ ਇਕ ਹਜ਼ਾਰ ਵਰ੍ਹਾ ਮੁਸਲਮਾਨ ਜਾਬਰਾਂ ਦੀਆਂ ਜੁੱਤੀਆਂ ਖਾਧੀਆਂ ਹਨ। ਧੀਆਂ ਦੇ ਡੋਲੇ ਮੁਸਲਮਾਨਾਂ ਨੂੰ ਦਿੱਤੇ। ਮੂੰਹ ਵਿਚ ਘਾ ਲੈ ਕੇ ਹੱਥ ਬੰਨਦਿਆਂ ਜਾਨ ਦੀ ਖੈਰ ਮੰਗੀ। ਫੰਨੇ ਖਾਂ ਰਾਜਿਆਂ ਮਸ਼ੇਵਗੀ ਝੱਲੀ। ਚੁਸਤੀ ਚਲਾਕੀ ਇਨ੍ਹਾਂ ਦੀ ਤਾਕਤ ਹੈ। ਮਿੰਨਤ ਸਮਾਜਤ ਕਰਕੇ ਵੇਲਾ ਟਾਲ ਲੈਣਾ ਇਨ੍ਹਾਂ ਦਾ ਚਲਣ ਰਿਹਾ ਹੈ। ਦੁਸ਼ਮਣਾਂ ਨੂੰ ਪਾੜ ਪਾੜ ਲੜਾਉਣਾ ਇਨ੍ਹਾਂ ਦਾ ਮੁੱਖ ਮੰਤਵ ਹੈ। ਸਾਡਾ ਆਪੋ ਵਿਚੀ ਸਿਰ ਪਾੜ ਲੈਣ ਵਾਲਾ ਲਾਣਾ, ਲੈ ਐਨੀ ਗੱਲ ਨਹੀਂ ਸਮਝ ਸਕਿਆ। ਭਰਾਵਾਂ ਨੂੰ ਖੇਰੂੰ ਖੇਰੂੰ ਕਰਨਾ ਤੇ ਲੜਾਉਣਾ ਹੀ ਇਨ੍ਹਾਂ ਦੀ ਵੱਡੀ ਕਾਮਯਾਬੀ ਐ। ਤਾਰੀਖੀ ਪੱਖੋਂ ਹਜ਼ਾਰ ਵਰ੍ਹਾ ਹਾਰੀ ਹੁੱਟੀ ਕੌਮ ਜੋਧਾ ਸ਼ਕਤੀ ਵਾਲੀ ਹੋ ਈ ਨਹੀਂ ਸਕਦੀ। ਨਿਰੀ ਰੇਤ ਦੀ ਟਿੱਬੀ; ਜਿਸ ਉੱਤੇ ਘਾਹ ਵੀ ਨਹੀਂ ਉੱਗ ਸਕਦਾ। ਕਿਸਾਨਾਂ ਕਾਮਿਆਂ ਦੇ ਦੇਹ ਤੋੜ ਕੰਮਾਂ ਵਿਚੋਂ ਮੁਨਾਫਾ ਕੁਤਰਨਾ ਇਨ੍ਹਾਂ ਚੂਹਿਆਂ ਦਾ ਕੰਮ ਹੈ।

"ਖੇਹ ਮਿੱਟੀ ਕਿਸਾਨੋ, ਸਿਰ ਤੁਸੀਂ ਪਾਓ; ਕਣਕ ਦਾ ਬੋਹਲ ਸਾਡਾ,
ਨਸੰਗ ਸਾਰੀ ਤੂੜੀ ਤੁਸੀਂ ਘਰ ਲੈ ਜਾਓ। ਲਵੇਰਿਆਂ ਦੀ ਸਾਂਭ ਸੰਭਾਲ
ਤੁਸੀਂ ਕਰੋ; ਪਰ ਸਾਡਾ ਦੁੱਧ ਦਾ ਹਿੱਸਾ ਨਾ ਭੁੱਲਣਾ।"

ਤੁਸੀਂ ਭੋਲੇ ਕਿਸਾਨੋ, ਮਾਮੂਲੀ ਹਨੇਰੀ ਉਡਾਉ, ਟਿੱਬੀ ਦਾ ਤਾਂ ਨਾਂ ਨਿਸ਼ਾਨ ਨਹੀਂ ਰਹੇਗਾ।

ਕਾਮਿਓ ਤੇ ਕਿਸਾਨੋ! ਗੁਰੂਕਿਆਂ ਸ਼ਹਾਦਤਾਂ ਦੇ ਕੇ ਤੁਹਾਨੂੰ ਸਿਦਕਵਾਨ,

ਮਿਹਨਤੀ ਤੇ ਜੰਗਜੂ ਕੌਮ ਤਿਆਰ ਕੀਤਾ। ਤੁਹਾਡੇ ਬਜ਼ੁਰਗਾਂ ਕਾਬਲ ਕੰਧਾਰ ਨੂੰ ਭਾਜੜਾਂ ਪਾਈਆਂ। ਉੱਤਰੀ ਹਿੰਦੁਸਤਾਨ ਵਿਚ ਗੁਰੂ ਨਾਨਕ ਦਾ ਸਿੱਕਾ ਚਲਾਇਆ। ਹੁਣ ਕਿਉਂ ਨਿਸਾਤਲ ਗਏ ਓ। ਉੱਠੋ ਤੇ ਜੁੜ ਕੇ ਅਹਿਰਣ ਤੇ ਹਥੌੜੇ ਬਣੋ। ਆਪਣੀ ਭੁੱਖ ਤੇ ਇੱਜ਼ਤ ਆਬਰੂ ਦੀ ਰਾਖੀ ਲਈ ਲੋਹਾ ਗਰਮ ਕਰੋ। ਸਾਇੰਸਦਾਨਾਂ ਦੇ ਪੱਗ ਵੱਟ ਯਾਰ ਬਣੋ। ਤਾਰੀਖੀ ਜਿੱਤ, ਤੁਹਾਡੀ ਹਿੰਮਤ, ਮਿਹਨਤ ਤੇ ਸਿਦਕ ਨੂੰ ਹੋਕਰੇ ਮਾਰ ਰਹੀ ਐ। ਤੁਹਾਡੀ ਅਣਖ ਨੂੰ ਲਲਕਾਰੇ ਕਿਉਂ ਨਹੀਂ ਸੁਣਦੇ? ਬਸ ਯਾਦ ਰੱਖੋ :

"ਜੁੜੇ ਬਿਨਾਂ ਸ਼ਕਤੀ ਨਹੀਂ, ਤੇ ਸ਼ਕਤੀ ਬਿਨਾਂ ਮੁਕਤੀ ਨਹੀਂ।

ਤੇ ਕਲਿਆਣ ਬਿਨਾਂ ਡਿੱਗੀ ਕੌਮ ਦਾ ਵਕਾਰ ਨਹੀਂ।"

ਸੋ ਸਾਥੀਓ, ਜੋਧਿਓ, ਵਧੇ ਚਲੋ, ਵਧੇ ਚਲੋ, ਆਖਰੀ ਜਿੱਤ ਬਿਨਾਂ ਕੋਈ ਪੜਾਅ ਨਹੀਂ। ਦੁਸ਼ਮਣ ਨੂੰ ਚਿੱਤ ਕਰੇ ਬਿਨਾਂ ਕੁਝ ਹਾਸਲ ਨਹੀਂ। ਲੜਾਈ ਮਜਬੂਰੀ ਮੂੰਹ ਉਦੋਂ ਅੱਗਾ ਵਲਦੀ ਹੈ; ਜਦੋਂ ਸਾਰੀਆਂ ਦਲੀਲਾਂ-ਸਬੀਲਾਂ ਫਿਅਲ ਹੋ ਜਾਂਦੀਆਂ ਹਨ।

ਆਖਰੀ ਚੇਤਾਵਣੀ ਅੱਜ ਦੇ ਵਿਹਲੜ ਨੌਜਵਾਨਾਂ ਨੂੰ, ਲਲਕਾਰ ਵਜੋਂ ਦੇਣਾ ਚਾਹੁੰਦਾ ਆਂ। ਬਾਹਰਲੇ ਅਮੀਰ ਦੇਸਾਂ ਨੂੰ ਨਾ ਭੱਜੋ। ਆਪਣੀ ਗਵਾਚਦੀ ਕੌਮੀਅਤ ਅਤੇ ਰੁੜ੍ਹਦੀਆਂ ਜਾਂਦੀਆਂ ਅਮੀਰ ਵਰਾਸਤਾਂ ਵੱਲ ਧਿਆਨ ਦੇਵੋ। ਤੁਹਾਡੀਆਂ ਬਹਾਦਰੀਆਂ ਤੇ ਤਾਰੀਖੀ ਸ਼ਾਨਾਂ ਕਿੱਥੇ ਗਵਾਚ ਗਈਆਂ? ਦੁਸ਼ਮਣਾਂ ਲਈ ਮੈਦਾਨ ਖਾਲੀ ਨਾ ਛੱਡੋ; ਸ੍ਹੋਨੇ ਵੱਟੇ ਪਿੱਤਲ ਨਾ ਵਟਾਉ। ਬਾਹਰ ਨੂੰ ਭੱਜਣ ਵਾਲਿਉ, ਪੰਜਾਬ ਬੇਗਾਨਿਆਂ ਗੋਚਰਾ ਛੱਡ ਕੇ ਨਾ ਜਾਓ। ਹਾਲਾਤ ਇਸ ਤਰ੍ਹਾਂ ਦੇ ਵੀ ਬਣ ਸਕਦੇ ਹਨ, ਤੁਹਾਨੂੰ ਕੋਈ ਮੁੜ ਪੰਜਾਬ ਪੈਰ ਵੀ ਨਾ ਪਾਉਣ ਦੇਵੇ। ਜਿਨ੍ਹਾਂ ਲਈ ਤੁਹਾਡੇ ਬਜ਼ੁਰਗ ਸ਼ਹੀਦ ਹੁੰਦੇ ਰਹੇ; ਅੱਜ ਉਹੀ ਤੁਹਾਡੇ ਦੁਸ਼ਮਣ ਬਣ ਬੈਠੇ ਹਨ। ਤੇਲ ਵੇਖੋ, ਤੇਲ ਦੀ ਧਾਰ ਵੇਖੋ। ਜਿਨ੍ਹਾਂ ਲਈ ਮਰਦੇ ਖਪਦੇ ਰਹੇ; ਅੱਜ ਰਾਜ ਹੱਥ ਆ ਜਾਣ ਨਾਲ ਆਟੇ ਦਾ ਸੀਂਹ ਬਣ ਬੈਠੇ। ਪੰਜਾਬ ਛੱਡੋਗੇ, ਪੰਜਾਬ ਹੋਰ ਵਸਣ ਵਾਲਿਆਂ ਦਾ ਹੋ ਜਾਵੇਗਾ। ਵਕਤ ਅਜਿਹਾ ਵੀ ਆ ਸਕਦਾ ਏ, ਤੁਹਾਨੂੰ ਸਾਰੇ ਜਹਾਨ ਵਿਚ ਕਿਤੇ ਢੋਈ ਹੀ ਨਾ ਮਿਲੇ। ਅਮੀਰ ਦੇਸਾਂ ਨੂੰ ਤੁਹਾਡੀ ਮਿਹਨਤ ਦੀ ਲੋੜ ਐ। ਜਦੋਂ ਲੋੜ ਪੂਰੀ ਹੋ ਗਈ, ਤੂੰ ਕੌਣ ਮੈਂ ਖਾਹ ਮਖਾਹ। ਸੋਨਾ ਟੋਲਦੇ, ਆਪਣਾ ਧਰਮ ਤੇ ਪੁੱਤਰ ਧੀਆਂ ਵੀ ਗਵਾ ਲਵੋਗੇ। ਬੇਗਾਨੀ ਸੱਭਿਅਤਾ ਤੇ ਉੱਥੋਂ ਦੀ ਬਹੁ-ਗਿਣਤੀ, ਭੁੱਖੀ ਸਰਾਲ ਵਾਂਗ ਤੁਹਾਡੇ ਸਾਰੇ ਕੌਮੀ ਗੁਣਾਂ ਨੂੰ ਹੜੱਪ ਕਰ ਜਾਵੇਗੀ। ਮੇਰੀ ਬੇਨਤੀ ਹੈ, ਬੇਗਾਨਾ ਪੱਕਾ ਵੇਖ ਕੇ ਆਪਣਾ ਕੱਚਾ

ਨਾ ਢਾਹੋ। ਮੁੜ ਤੁਹਾਡੇ ਹੱਥ ਕੱਚਾ ਵੀ ਨਹੀਂ ਰਹਿਣਾ। "ਬਾਹਰਲੇ ਬਾਹਰ ਤੇ ਅੰਦਰਲੇ ਅੰਦਰ ਦੀ ਚੇਤਾਵਨੀ ਯਾਦ ਰੱਖੋ। ਹਿੰਦ ਦੇ ਦੋ ਹਿੱਸੇ ਚਲਾਕ ਅੰਗਰੇਜ਼ ਨੇ ਬਣਾਏ ਸੀ। ਤੁਸਾਂ ਥਾਂ ਥਾਂ ਖਿਲਰ ਖਿਲਰ ਕੇ ਕੌਮੀ ਖ਼ੁਦਕਸ਼ੀ ਆਪੂੰ ਖਰੀਦ ਲਈ। ਭੁੱਖੇ ਤਿਹਾਏ ਰਹਿੰਦੇ ਵੀ, ਬਜ਼ੁਰਗਾਂ ਦੇ ਸਿਰੜ ਵਾਂਗ ਇਸ ਪੰਜਾਬ ਨੂੰ ਗੁਲਜ਼ਾਰ ਬਣਾਉ। ਜੇ ਪੰਜਾਬ ਆਪਣੀ ਮਿਹਨਤ ਨਾਲ ਭੁੱਖੇ ਹਿੰਦੁਸਤਾਨ ਨੂੰ ਰਜਾ ਸਕਦਾ ਹੈ; ਆਪਣੀ ਭੁੱਖ ਨੂੰ ਕਿਉਂ ਸੰਤੁਸ਼ਟ ਨਹੀਂ ਕਰ ਸਕਦਾ? ਗੁਰੂ ਭਰੋਸਾ ਤੇ ਆਪਣੀ ਮਿਹਨਤ ਸ਼ਕਤੀ ਤੁਹਾਨੂੰ ਕਿਉਂ ਵਿਸ਼ਵਾਸ ਨਹੀਂ? ਪੰਜਾਬ ਤੇ ਗੁਰੂ ਵਿਸ਼ਵਾਸ ਤੋਂ ਥਿੜਕੋਗੇ : "ਤੁਮਾਹਰੀ ਦਾਸਤਾਂ ਤੱਕ ਨਾ ਹੋਗੀ ਦਾਸਤਾਨੋ ਮੇਂ।" ਇਕਬਾਲ

ਪੰਜਾਬ ਦਾ ਕਿਸਾਨ ਸਾਰੀ ਦੁਨੀਆਂ ਵਿਚ ਇਕ ਨੰਬਰ ਦਾ ਸੂਝਵਾਨ ਕਿਰਤੀ ਤੇ ਸਿਰੜੀ ਮੰਨਿਆ ਗਿਆ ਹੈ। ਗੱਲ ਕੇਵਲ ਐਨੀ ਹੀ ਐ, ਪੈਦਾਵਾਰ ਕਰਕੇ ਉਸ ਨੂੰ ਉਹਦਾ ਠੀਕ ਮੁੱਲ ਪੁਆਣਾ ਨਹੀਂ ਆਉਂਦਾ। ਹਾੜਾਂ ਸਿਆਲਾਂ ਦੀ ਕੀਤੀ ਕਰੜੀ ਘਾਲਣਾ ਮੰਡੀ ਲਿਆ, ਦਿਨੇ ਦੁਪਹਿਰੇ ਲੁੱਟੀ ਜਾਂਦੀ ਹੈ। ਕਿਸਾਨੋ! ਸੱਚੀ ਪੁੱਛੋ ਤਾਂ ਤੁਹਾਡੀ ਡਕੈਤੀ ਦੀ ਸਿੱਧੀ ਜ਼ਿੰਮੇਵਾਰ ਤੁਹਾਡੀ ਸਰਕਾਰ ਹੈ; ਜਿਹੜੀ ਲੁਟੇਰਿਆਂ ਦੀ ਯਾਰ-ਪਹਿਰੇਦਾਰ ਹੈ। ਤੁਹਾਡੀ ਮਿਹਨਤ ਲੁੱਟ ਕੇ ਸ਼ਾਹੂਕਾਰ ਤੇ ਬੈਂਕਾਂ ਆਫਰੀਆਂ ਪਈਆਂ ਹਨ। ਤੁਸੀਂ ਲੁੱਟੇ ਪੁੱਟੇ ਜਾਂਦੇ ਕਾਮੇ ਕਿਸਾਨੋ, ਹੁਣ ਤੱਕ ਕਿਉਂ ਨਹੀਂ ਸਮਝੇ? ਸਰਕਾਰ ਤਾਂ ਬੈਂਕਾਂ ਵਾਲਿਆਂ ਦੀ ਪਹਿਰੇਦਾਰ ਹੈ। ਮੰਡੀ ਦੇ ਸਰਮਾਏਦਾਰਾਂ ਤੇ ਬੈਂਕਾਂ ਵਾਲਿਆਂ ਦੀ ਸਰਕਾਰ ਪੱਕੀ ਯਾਰ ਹੈ। ਜਿੰਨਾ ਚਿਰ ਤੁਸੀਂ ਸਰਮਾਏਦਾਰਾਂ, ਬੈਂਕਾਂ ਤੇ ਸਰਕਾਰ ਦੀ ਪੁੱਠੀ ਛਾਲ ਨਹੀਂ ਲਵਾਉਂਦੇ, ਆਪਣੀ ਦਸਾਂ ਨਹੁੰਆਂ ਦੀ ਕਮਾਈ ਦਾ ਸਹੀ ਮੁੱਲ ਨਹੀਂ ਪੁਆ ਸਕਦੇ ਤੇ ਨਾ ਹੀ ਸ੍ਵੈਮਾਨ ਨਾਲ ਜੀ ਸਕਦੇ ਹੋ। ਐਗਰੀਕਲਚਰ ਯੂਨੀਵਰਸਿਟੀ ਵਾਲੇ ਦੀ ਥੁੱਕ ਨਾਲ ਵੜੇ ਪਕਾਉਣ ਤੇ ਆ ਗਏ ਐ। ਖਰਚਾ ਸਰਕਾਰ ਰਾਹੀਂ ਕਿਸਾਨਾਂ ਦਾ ਖਾਂਦੇ ਐ, ਤੇ ਸੇਵਾ ਸਰਮਾਏਦਾਰੀ ਦੀ ਕਰਦੇ ਐ। ਕਿਸਾਨ ਤਾਂ ਖ਼ੁਦਕਸ਼ੀਆਂ ਕਰ ਰਹੇ ਐ ਤੇ ਸਰਮਾਏਦਾਰਾਂ ਨੂੰ ਅਫਰੇਵੇਂ ਕਾਰਨ ਸਾਹ ਨਹੀਂ ਆ ਰਿਹਾ। ਕਿਸਾਨਾ! "ਤੇਰਾ ਕੋਈ ਨਹੀਂ ਹੈ ਜੀ ਕਿ ਤੇਰਾ ਸਤਿਗੁਰ ਪਿਆਰਾ ਜੀ!" ਜੇ ਸੱਚੀ ਪੁੱਛੋ, ਮੈਨੂੰ ਤਾਂ ਸਤਿਗੁਰ ਦੀ ਨੀਅਤ ਉੱਤੇ ਵੀ ਸ਼ੱਕ ਐ ਜਾਂ ਤਾਂ ਉਸ ਨੂੰ ਸਰਮਾਏਦਾਰੀ ਨੇ ਕਿਲ੍ਹੇਬੰਦ ਕਰ ਲਿਆ ਹੈ; ਜਾਂ ਬੇਪ੍ਰਵਾਹ ਸੁੱਤਾ ਪਿਆ ਹੈ। ਜੇ ਜਾਗਦਾ ਤੇ ਜਿਉਂਦਾ ਹੁੰਦਾ, ਕੰਮ ਕਰਨ ਵਾਲਿਆਂ ਦੀ ਮਦਦ ਨੂੰ ਹਰ ਹਾਲ ਪਹੁੰਚਦਾ। ਕੰਮ ਕਰਨ ਵਾਲੇ ਸਬਰ ਸ਼ੁਕਰ ਨਾਲ ਆਪਣਾ ਹੱਕ ਮੰਗਦੇ ਹਨ; ਫਾਲਤੂ ਨਹੀਂ। ਕੋਈ ਵੀ

ਸਰਕਾਰ ਫਾਲਤੂ ਵਿਹਲੜਾਂ ਦੀ ਹੋ ਜਾਂਦੀ ਹੈ। ਸੋ ਵਿਹਲੜਾਂ ਨੂੰ ਕੰਮ ਲਾਉਣਾ ਸਰਕਾਰ ਦਾ ਪਹਿਲਾ ਫਰਜ਼ ਹੈ। ਅਜਿਹੀ ਸਰਕਾਰ ਦਾ ਕਿਸੇ ਵੀ ਤਰ੍ਹਾਂ ਫਾਹਾ ਵੱਢੋ, ਜਿਹੜੀ ਵਿਹਲੜਾਂ ਨੂੰ ਪਾਲਦੀ ਹੈ ਤੇ ਕੰਮ ਕਰਨ ਵਾਲਿਆਂ ਨੂੰ ਖੁਦਕਸ਼ੀਆਂ ਦੇ ਰਾਹ ਪਾਇਆ ਹੈ। ਅਜਿਹੀਆਂ ਕਿਸਮਤਾਂ ਲਿਖਣ ਵਾਲਾ ਰਬ ਕੋਈ ਨਹੀਂ; ਜਿਹੜਾ ਵਿਹਲੜਾਂ ਨੂੰ ਐਸ਼ ਕਰਾਵੇ ਤੇ ਕੰਮ ਕਰਨ ਵਾਲਿਆਂ ਨੂੰ ਭੁੱਖੇ ਮਾਰੇ। ਰੱਬ ਮਰ ਜ਼ਰੂਰ ਗਿਆ ਏ; ਪਰ ਸਿੱਧੀ ਤਰ੍ਹਾਂ ਮੈਂ ਨਹੀਂ ਆਖਦਾ। ਸਾਡੇ ਹੀ ਕਾਰੀ ਭਰਾ ਡੁੰਮਣੇ ਹੋ ਕੇ ਮੈਨੂੰ ਨਾ ਪੈ ਜਾਣ। ਮੈਂ ਤਾਂ ਸਹਿਜੇ ਸਹਿਜੇ ਰੱਬ ਦੀ ਗੁਲਾਮੀ ਤੋਂ ਉਨ੍ਹਾਂ ਨੂੰ ਆਜ਼ਾਦ ਤੇ ਸੁਰਖਰੂ ਵੇਖਣਾ ਚਾਹੁੰਦਾ ਆਂ। ਆਖਰੀ ਨਚੋੜ ਕਿਸਾਨ ਭਰਾਵੋ ਇਹ ਨਿਕਲਦਾ ਹੈ; ਤੁਹਾਡੀ ਨਜਾਤ, ਸਰਕਾਰ ਆਪਣੇ ਹੱਥ ਲਏ ਬਿਨਾਂ ਨਹੀਂ ਹੋਣੀ; ਕਤਈ ਨਹੀਂ ਹੋਣੀ। ਸੌ ਹੱਥ ਰੱਸਾ, ਸਿਰੇ 'ਤੇ ਗੰਢ। ਪਹਿਲੋਂ ਸਰਮਾਏਦਾਰਾਂ ਦੀ ਗੁਲਾਮੀ ਤੋਂ ਮੁਕਤੀ ਪਾ ਲਵੋ; ਫਿਰ ਰੱਬ ਦੀ ਗੁਲਾਮੀ ਦੀ ਵੱਡੀ ਲੜਾਈ ਛੇੜ ਲਉ। ਰੱਬ ਦਾ ਠਸਤਾ ਵੱਢਣ ਵਾਲਾ ਮਾਰਗ, ਵੱਡੀਆਂ ਕੁਰਬਾਨੀਆਂ ਦੇਣ ਵਾਲਾ ਹੈ। ਜੁੜਵੀਂ ਏਕਤਾ ਨਾਲ ਛੋਟੇ ਦੁਸ਼ਮਣਾਂ ਸਰਮਾਏਦਾਰ ਨੂੰ ਢਾਹੁਣਾ ਹਾਲੇ ਸਾਡੀ ਪਹਿਲ ਹੈ। ਵੱਡੇ ਦੁਸ਼ਮਣ ਰੱਬ ਵਾਲਾ ਮਹਾਜ਼ ਹਾਲੇ ਨਾ ਖੋਲ੍ਹੋ। ਪਹਿਲੋਂ ਰਾਹ ਦੇ ਕੰਡੇ, ਚੁਗੇ ਨਹੀਂ ਜਾਂਦੇ ਤਾਂ ਸਾੜ ਫੂਕ ਲਵੋ, ਛੋਟੇ ਦੁਸ਼ਮਣ ਨੂੰ ਤਹਿ ਕਰਕੇ ਵੱਡੇ ਨਾਲ ਆਹਡਾ ਲਾਉਣਾ ਰਾਜਨੀਤੀ ਦੀ ਸੇਧ ਹੈ।

ਕਿਸਾਨ ਭਰਾਵਾ! ਤੂੰ ਸਾਰੇ ਦੇਸ ਦੀ ਰੀੜ੍ਹ ਦੀ ਹੱਡੀ; ਜਿਸ ਆਸਰੇ ਸਾਰਾ ਢਾਂਚਾ ਖੜਾ ਹੈ। ਸਾਰਿਆਂ ਦਾ ਕਾਰੋਬਾਰ ਬੱਲੇ ਬੱਲੇ। ਸਭ ਤੋਂ ਮਾੜੀ ਕਿਸਮਤ ਤੇਰੀ ਕਿਉਂ? ਜਦੋਂ ਕਿ ਸਾਰੇ ਜਹਾਨ ਨੂੰ ਦੇਹ ਤੋੜ ਕੇ ਅੰਨ ਦੇ ਰਿਹਾ ਏਂ। ਇਸ ਲੁੱਟ ਤੇ ਜ਼ੁਲਮ ਦਾ ਟਾਕਰਾ ਕਰਨ ਲਈ ਪਹਿਲੋਂ ਸੰਗਤ ਜੋੜੋ। ਫਿਰ ਇਹ ਵੀ ਸਿੱਖੋ, ਸਰਮਾਏਦਾਰਾਂ ਤੇ ਉਨ੍ਹਾਂ ਦੀ ਸਰਕਾਰ ਨੂੰ ਸਿੱਧੇ ਰਾਹ ਤੇ ਕਿਵੇਂ ਲਿਆਉਣਾ ਏ। ਵੱਡਾ ਬਾਬਾ ਕਹਿੰਦਾ ਸੀ, ਗੱਲ ਸਮਝੌਤਿਆਂ ਤੋਂ ਕਿਤੇ ਅਗਾਂਹ ਨਿਕਲ ਗਈ ਐ। ਹੁਣ ਤਾਂ ਖੂੰਡਾ ਫੇਰੇ ਬਿਨਾਂ ਗੱਲ ਸੂਤ ਨਹੀਂ ਆਉਣੀ। ਕੋਰਾ ਸੱਚ ਇਹ ਹੈ, ਚਾਲੀ ਕਮਾਂਦੇ ਤੇ ਸੱਠ ਵਿਹਲੜ ਖਾਂਦੇ ਹੀ ਨਹੀਂ ਅੱਯਾਸ਼ੀਆਂ ਵਿਚ ਅੜਾਂਦੇ ਵੀ ਐ। ਜੇ ਗੁਰੂ ਨਾਨਕ ਆਖਰੀ ਉਮਰ ਵਿਚ ਅਠਾਰਾਂ ਵਰ੍ਹੇ ਹਲ ਵਾਹ ਸਕਦਾ ਹੈ; ਤਦ ਡੇਰਿਆਂ ਵਿਚ ਨਿੱਤ ਨਵੀਆਂ ਗੱਦੀਆਂ ਲਾਈ ਬੈਠੇ ਬਗਲੇ ਭਗਤ, ਕਿਹੜੀ ਮਰਜ਼ ਦੀ ਦਵਾ ਹਨ; ਜਿਹੜੇ ਆਨੇ ਇਕ ਦਾ ਕੰਮ ਨਹੀਂ ਕਰਦੇ ਤੇ ਵਿਹਲੜ ਅੜਾਂਦੇ ਨਹੀਂ ਥੱਕਦੇ। ਇਨ੍ਹਾਂ ਦੇ ਦੁੱਧ ਚਿੱਟੇ ਕੱਪੜੇ ਵੇਖ ਕੇ ਅਨੁਮਾਨ ਲਗਦਾ ਏ; ਦੇਸ ਦਾ ਅੱਧਾ ਸਾਬਣ ਤਾਂ ਇਨ੍ਹਾਂ ਦੇ ਚੋਲ੍ਹਿਆਂ ਨੂੰ ਲਗਦਾ ਹੋਵੇਗਾ। ਅਖੰਡ

ਪਾਠਾਂ ਦੀਆਂ ਕੋਤਰੀਆਂ ਲੋਕਾਂ ਦਾ ਉਧਾਰ ਕਰ ਰਹੀਆਂ ਹਨ, ਜਾਂ ਉਜਾੜਾ। ਜਦੋਂ ਕਿ ਧੂਫ ਪਾਉਣ ਵਾਲੇ ਬਿਨਾਂ ਸਰੋਤਾ ਕੋਈ ਨਹੀਂ ਹੁੰਦਾ। ਸਰਮਾਏਦਾਰੀ ਨੇ ਗੁਰੂ ਮਰਯਾਦਾ ਦੇ ਉਲਟ, ਅਖੰਡ ਪਾਠ ਮੁੱਲ ਵੇਚਣੇ ਸ਼ੁਰੂ ਕਰ ਦਿੱਤੇ ਹਨ। ਕੀ ਗੁਰੂ ਬਾਣੀ ਅਤੇ ਅਖੰਡ ਪਾਠ ਬਾਜ਼ਾਰੀ ਸੌਦਾ ਹੋ ਗਿਆ ਏ? ਜਦੋਂ ਕਿ ਸੁਣਨ ਵਾਲਾ ਹੀ ਕੋਈ ਨਹੀਂ ਹੁੰਦਾ। ਗੁਰੂ! ਤੇਰੀ ਸ਼ਰਧਾ ਸਤਿਕਾਰ ਤੇ ਕਲਿਆਣ ਦੇਣ ਵਾਲੀ ਅਰਥਾਵਲੀ ਸ਼ਕਤੀ ਕਿੱਥੇ ਗਵਾਚ ਗਈ? ਮੇਰੇ ਗੁਰੂ ਇਹ ਸੱਚੀ ਸੁੱਚੀ ਬਾਣੀ ਵਪਾਰ ਕਿਉਂ ਬਣ ਗਈ? ਵਿਚਾਰੇ ਕਿਸਾਨ ਭਰਾਵਾ ਤੂੰ ਨਾ ਹੁਣ ਬਚਿਆ, ਤੈਨੂੰ ਲੋਟੂ ਬੀਮਾਰੀਆਂ ਦੀ ਆਹਣ ਆ ਪਈ। ਸਰਕਾਰੇ ਕੰਮ ਕਰਵਾਉਣਾ ਏ ਤਾਂ, ਮੋਟੀ ਤਨਖਾਹਾਂ ਲੈਣ ਵਾਲਿਆਂ ਨੂੰ ਦੇਹ ਪੈਸਾ। ਬੀਮਾਰ ਹੋ ਜਾਵੇਂ, ਡਾਕਟਰ ਬਚਿਆ ਲਹੂ ਵੀ ਨਚੋੜ ਲੈਂਦੇ ਐ। ਹੋਰ ਸੁਣੋ : ਆਹ ਮੁੰਡਾ ਕੁੜੀ ਨਚਾਉਣ ਵਾਲੇ ਸ਼ੁੱਧ ਕਲਾ ਦੀ ਪੱਟੀ ਮੇਸ ਕਰਦੇ, ਗੰਦ ਬਕਦੇ; ਲੋਕਾਂ ਦੀਆਂ ਜੇਬਾਂ ਖਾਲੀ ਕਰ ਰਹੇ ਐ। ਅਗਾਂਹ ਕੈਸਟਾਂ ਬਣਾਉਣ ਵਾਲੇ ਇਨ੍ਹਾਂ ਦੇ ਮਤਰੇਏ ਬਾਪੂ, ਘਰੜ ਮੁੰਨੀ ਜਾ ਰਹੇ ਐ। ਸਾਊ ਸੱਭਿਅਤਾ ਪਿਛਾਂਹ ਸੁੱਟ ਕੇ, ਨੰਗ ਤੇ ਗੰਦ ਲੋਕਾਂ ਦੀ ਝੋਲੀ ਪਾ ਰਹੇ ਐ। ਗੰਦ ਸੁਣਦੇ ਤੇ ਖਾਂਦੇ ਧੌਲ ਦਾਅੜੀਏ ਵੀ ਅੱਗੇ ਬੈਠ ਬੈਠ ਤਾੜੀਆਂ ਮਾਰ ਰਹੇ ਐ। ਅਮਰੀਕਾ ਕਨੇਡਾ ਭੇਜਣ ਵਾਲੇ ਠੱਗ ਏਜੰਟਾਂ ਆਪਣੀ ਅੰਨ੍ਹੀ ਪਾਈ ਹੋਈ ਐ। ਅਮਰੀਕਾ ਕਨੇਡਾ ਦੇ ਲਾਰੇ ਨਾਲ ਸਿੰਗਾਪੁਰ ਉਤਾਰ ਕੇ ਪੱਲਾ ਝਾੜ ਦਿੰਦੇ ਹਨ। ਧੱਕੇ ਖਾਈ ਜਾਉ ਖੁੱਲ੍ਹੀਆਂ ਸੜਕਾਂ ਤੇ। ਬੇਰੁਜ਼ਗਾਰੀ ਦੀ ਇੰਤਹਾ ਕਾਰਨ ਨੌਜਵਾਨਾਂ ਬੈਂਕਾਂ ਭੰਨਣੀਆਂ ਸ਼ੁਰੂ ਕਰ ਦਿੱਤੀਆਂ। ਟੀ.ਵੀ. ਵਾਲਿਆਂ ਕੱਚਾ-ਪਿਲਾ ਤੇ ਨੰਗਾ ਗਾਉਣ ਵਾਲਿਆਂ, ਸਾਊ ਤੇ ਸੁੱਚੇ ਸੰਗੀਤ ਨੂੰ ਕਬਰੇ ਪਾਉਣ ਲਈ ਲੱਕ ਬੰਨ ਲਿਆ। ਸਮਝ ਨਹੀਂ ਪੈਂਦੀ, ਸਾਊ ਸੰਗੀਤ ਨੂੰ ਕਬਰੇ ਪਾਉਣ ਦੀ ਜ਼ਿੰਮੇਵਾਰੀ ਲੋਕਾਂ ਦੀ ਚੁਣੀ ਸਰਕਾਰ ਦੀ ਹੈ ਜਾਂ ਸੰਗੀਤ ਵਾੜੀਆਂ ਦੀ? ਸ਼ਾਇਦ ਕਾਮਕ ਬੋਲ ਸੁਣ ਕੇ ਹੀ ਸਪੱਸ਼ਟ ਕਿਹਾ ਸੀ :-

"ਕਿੱਥੇ ਜਾਏਂਗਾ ਬੂਬਨਿਆ ਸਾਧਾ, ਛੋੜ ਕੇ ਭਰਿੰਡ ਰੰਗੀਆਂ।"

ਖੈਰ ਮੰਗਦੇ ਰਾਂਝੇ ਨੂੰ ਕਿਸੇ ਮਨਚਲੀ ਨੇ ਪੁੱਛਿਆ ਸੀ

"ਸੰਤੋ, ਤੁਹਾਡਾ ਨਗਰ ਘਰਾਂ ਕਿਹੜਾ ਐ?"

"ਉਜੜ ਗਿਆਂ ਦਾ ਵਿਹੜਾ ਕਿਹੜਾ ਨੀ।" ਜੋਗੀ ਦਾ ਸਪੱਸ਼ਟ ਉੱਤਰ ਸੀ।

ਮੁਸਲਮਾਨੀ ਸਰਾਹ ਵਿਚ ਸੰਗੀਤ ਬਿਵਰਜਤ ਹੈ। ਕੱਟੜ ਔਰੰਗਜ਼ੇਬ ਨੇ

ਗਾਉਣਾ ਸਰਕਾਰੀ ਤੌਰ ਤੇ ਮਨ੍ਹਾ ਕਰ ਦਿੱਤਾ ਸੀ। ਗਵਈਆਂ ਨੇ ਸੰਗੀਤ ਦਾ ਜਨਾਜ਼ਾ ਚੁੱਕ ਲਿਆ। ਲਾਲ ਕਿਲ੍ਹੇ ਕੋਲ ਦੀ ਜਾਣ ਕੇ "ਹਾਏ ਬੂ" ਕਰਦੇ ਲੈ ਤੁਰੇ। ਔਰੰਗਜ਼ੇਬ ਨੂੰ ਪਤਾ ਲੱਗਾ, ਤਾਂ ਕਿਲੇ ਤੋਂ ਉੱਚੀ ਆਵਾਜ਼ ਵਿਚ ਪੁਕਾਰਿਆ:-

"ਇਸ ਨੂੰ ਡੂੰਘਾ ਦਬਾਇਓ, ਮੁੜ ਨਾ ਉੱਠ ਪਵੇ।"

ਪੰਜਾਬ ਦੇ ਕੱਚੇ ਮੁੰਡੇ ਕੁੜੀਆਂ ਨੰਗਾ, ਗੰਦਾ ਤੇ ਬੇਸੁਰਾ ਗਾਉਣ ਵਾਲੇ; ਧੀਆਂ ਭੈਣਾਂ ਦੇ ਉਧਾਲੇ ਕਰਵਾਉਣ ਦੀ ਗਰਮਾ ਗਰਮ ਸੇਵਾ ਕਰ ਰਹੇ ਹਨ। ਆਰਥਿਕ ਪੱਖੋਂ ਕੰਗਾਲੀ ਦੀ ਚੜ੍ਹੀ ਆ ਰਹੀ ਹਨੇਰੀ ਨੇ ਪੰਜਾਬ ਦੇ ਸਾਊ ਸੱਭਿਆਚਾਰ ਦੇ ਕੱਪੜੇ ਲਾਹ ਕੇ ਸਟੇਜਾਂ ਤੇ ਨੰਗਾ ਕਰ ਮਾਰਿਆ ਹੈ। ਗਾਉਣ ਵਾਲੇ ਗੱਭਰੂ ਛੋਕਰੇ ਕਿਉਂ ਨਹੀਂ ਸਮਝਦੇ, ਸਾਡੀਆਂ ਹੀ ਧੀਆਂ ਭੈਣਾਂ, ਸਾਡੇ ਗੰਦੇ ਨੰਗੇ ਬੋਲਾਂ ਨੂੰ ਕਿਵੇਂ ਲੈ ਰਹੀਆਂ ਹਨ। ਮੈਨੂੰ ਤਾਂ ਪੰਜਾਬ ਦਾ ਸ਼ਾਨਾ ਮੱਤਾ ਸਾਊ ਸੱਭਿਆਚਾਰ ਖ਼ੁਦਕਸ਼ੀ ਰਾਹ ਪਾਇਆ ਲਗਦਾ ਹੈ। ਇਸ ਦਾ ਸਭ ਤੋਂ ਵੱਡਾ ਮੋਢੀ ਜਲੰਧਰ ਦਾ ਟੀ.ਵੀ. ਲਗਦਾ ਹੈ। ਦੂਜੇ ਨੰਬਰ ਦੇ ਦੋਸ਼ੀ ਗਾਉਣ ਤੇ ਕੈਸਟਾਂ ਜਾਰੀ ਕਰਨ ਵਾਲੇ ਹਨ। ਮੈਨੂੰ ਲਗਦਾ ਏ ਸਾਡੀ ਸਰਕਾਰ ਸੁੱਤੀ ਨਹੀਂ ਮਰ ਹੀ ਗਈ ਹੈ। ਕੇਂਦਰ ਤੇ ਪੰਜਾਬ ਦੀ ਕਾਂਗਰਸ ਤਾਂ ਪੰਜਾਬ ਦਾ ਹਰ ਪੱਖੋਂ ਬੇੜਾ ਡੋਬਣਾ ਚਾਹੁੰਦੀ ਹੈ ਪਰ ਗੁਰੂ ਦੇ ਸ਼ਰਧਾਲੂ ਅਕਾਲੀ ਸੁੱਤੇ ਪਏ ਐ ਜਾਂ ਗੰਦੇ ਤੇ ਨੰਗੇ ਗੀਤਾਂ ਸੰਗੀਤਾਂ ਦਾ ਅਨੰਦ ਮਾਣ ਰਹੇ ਐ। ਵਿਰਲੇ ਵਿਰਲੇ ਇਨ੍ਹਾਂ ਦੇ ਵਜ਼ੀਰ ਅਜਿਹੇ ਜਲਸਿਆਂ ਦੇ ਉਦਘਾਟਨ ਕਰਦੇ ਵੇਖੇ ਜਾ ਸਕਦੇ ਐ।

ਬਾਪੂ ਪੰਜਾਬ! ਉਹ ਮਾਂ ਮਰ ਗਈ; ਜਿਹੜੀ ਦਹੀਂ ਨਾਲ ਟੁੱਕ ਦਿੰਦੀ ਸੀ। ਸਹਿਤੀ ਨੇ ਆਖਿਆ ਸੀ :-

"ਅਸੀਂ ਭਾਬੀਏ ਉੱਠ ਕੇ ਖੈਰ ਘੱਤੀਂ, ਵਾਹ ਪੈ ਗਿਆ ਨਾਲ ਕੁਪੱਤਿਆਂ ਦੇ।"

ਸਿੱਖੀ ਦਾ ਲਹਿਲਹਾਉਂਦਾ ਸੂਰਮਾ ਸਿਦਕ ਰੁੱਖ, ਸੋਕੇ ਦੇ ਰਾਹ ਪਿਆ ਨਹੀਂ, ਗੁੱਝੀ ਮਾਰਨ ਵਾਲੀ ਚਾਲ ਧਿੰਗੋਜੋਰੀ ਪਾਇਆ ਜਾ ਰਿਹਾ ਹੈ। ਓਏ ਸੂਰਮੇ ਪੰਜਾਬੀਓ, ਤੇ ਸਿਦਕਵਾਨ ਸਿੱਖੋ! ਆਪਣੇ ਲਹੂ ਲੁਹਾਨ ਇਤਿਹਾਸ ਵੱਲ ਝਾਤ ਮਾਰੋ, ਤੇ ਅੱਜ ਰੁੜ੍ਹਦੇ ਜਾਂਦੇ ਆਪਣੇ ਅਮੀਰ ਵਿਰਸੇ, ਸਾਊ ਸੱਭਿਆਚਾਰ ਨੂੰ ਬਚਾ ਲਵੋ। ਵਰਨਾ ਸ਼ਹੀਦੀਆਂ ਭਰਿਆ ਇਤਿਹਾਸ ਤੇ ਮਨ ਦੇ ਦੁੱਖ ਰੋਗ ਕੱਟਣ ਵਾਲੀ ਗੁਰੂਬਾਣੀ ਵੀ ਇਨ੍ਹਾਂ ਅੱਯਾਸ਼ੀਆਂ ਦੇ ਰੋਹੜ ਵਿਚ ਗਵਾਚ ਜਾਵੇਗੀ। ਤੁਸੀਂ ਪੰਜਾਬੀਓ ਅੰਦਰੋਂ ਬਾਹਰੋਂ ਲੁੱਟੇ ਹੀ ਨਹੀਂ ਜਾ ਰਹੇ; ਬਰਾਬਰ ਹਰ ਨਰੋਈ ਵਰਾਸਤ

ਵੱਲੋਂ ਕੁੱਟੇ ਵੀ ਜਾ ਰਹੇ ਹੋ। ਇਸ ਤਰ੍ਹਾਂ ਅਵੇਸਲੇ ਰਹੇ, ਪ੍ਰਦੇਸਾਂ ਦਾ ਉਜਾੜਾ, ਪੰਜਾਬ ਤੇ ਚੜ੍ਹੀਆਂ ਆ ਰਹੀਆਂ ਗੈਰਾਂ ਦੀਆਂ ਧਾੜਾਂ; ਤੁਹਾਡਾ ਤਾਂ ਬਚਣਾ ਹੀ ਕੁਝ ਨਹੀਂ। ਜਿਸ ਫਸਲ-ਨਸਲ ਦੀਆਂ ਜੜ੍ਹਾਂ ਹੀ ਉਖਾੜ ਦਿੱਤੀਆਂ ਜਾਣ, ਪ੍ਰਫੁੱਲਤਾਂ ਦੀ ਆਸ ਰੱਖਣ ਵਾਲਿਓ; ਸਾਹ ਵਰੋਲਣ ਦੀ ਆਸ ਵੀ ਗਵਾ ਲਉਗੇ। ਖ਼ਬਰਦਾਰੀ ਤੁਹਾਡੇ ਬੂਹੇ ਬੁਰੀ ਤਰ੍ਹਾਂ ਭੰਨ ਤੋੜ ਰਹੀ ਹੈ। ਅਮਰੀਕਾ ਦੀ ਮਹਾਮਾਰੀ ਆਪਣੇ ਬੀਜਾਂ ਤੇ ਸੱਭਿਆਚਾਰ ਨਾਲ ਲੈਸ ਧੱਕਾ ਦੇਈ ਚੜ੍ਹੀ ਆ ਰਹੀ ਹਨੇਰੀ ਹੈ, ਜਿਹੜੀ ਤੁਹਾਡੀ ਅੰਮ੍ਰਿਤ ਵਰਗੀ ਦੇਸੀ ਖੁਰਾਕ ਦੀ ਥਾਂ ਹਾਈ ਬਰੈਡ ਬੀਜਾਂ ਦਾ ਸੋਕੜਾ ਮੱਲੀ ਆ ਰਹੀ ਐ। ਸਿਦਕ ਦੇ ਪੁੱਤਰਾ ਕਿਸਾਨਾ! ਤੂੰ ਇਕੱਲਾ, ਸਰਕਾਰ ਨੇ ਵੀ ਤੇਰੀ ਬਾਂਹ ਛੱਡ ਦਿੱਤੀ ਤੇ ਦੁਸ਼ਮਣਾਂ ਦਾ ਘੇਰਿਆ ਬਚੇਂਗਾ ਕਿਵੇਂ? ਅਮਰੀਕਨ ਰੋਟੀ ਤਾਂ ਤਵੇ ਤੋਂ ਲਹਿੰਦੀ ਪਿੱਛੋਂ ਤੇ ਸੁੱਕ ਪਹਿਲਾਂ ਜਾਂਦੀ ਹੈ। ਹਰੇ ਭਰੇ ਦੇਸੀ ਤੱਤ ਗਵਾਚ ਰਹੇ ਹਨ? ਜਾਂ ਮਾਰੇ ਜਾ ਰਹੇ ਹਨ; ਉਨ੍ਹਾਂ ਦੀ ਥਾਂ ਥਾਂ ਅਮਰੀਕਨ ਸੋਕੜਾ ਧੱਕਾ ਦੇਈ ਚੜ੍ਹਿਆ ਆ ਰਿਹਾ ਹੈ। ਓਏ ਭਰਾਵੋ, ਪੰਜਾਬੀ ਕੌਮੀਅਤ ਬਚਾਉਣ ਦੀ ਫਿਕਰ ਕਰੋ। ਉਹਦੇ ਵੱਟੇ ਸਦਾ ਜਵਾਨ ਤੇ ਵਫਾਦਾਰ ਕੀਮਤਾਂ ਕਿਉਂ ਵਗਾਹੀਆਂ ਜਾਣ। ਪੰਜਾਬੀਓ, ਤੁਹਾਨੂੰ ਰੋਹੜਨ ਲਈ ਵਣ ਵਣ ਦੀ ਪਰਲੋ ਚੜ੍ਹੀ ਆ ਰਹੀ ਐ। ਦੋਧਾਰੇ ਦਾ ਹੀ ਨਹੀਂ, ਕਈ ਧਾਰੇ ਦੇ ਹਮਲੇ ਦਾ ਸਾਹਮਣਾ ਹੈ ਤੇ ਬਚਾਅ ਕਿਵੇਂ ਕਰੋਗੇ? ਅੰਦਰਲੇ ਬ੍ਰਾਹਮਣਵਾਦ ਦੀ ਚੁਸਤ ਚੜ੍ਹਾਈ ਤੇ ਬਾਹਰਲੇ ਦੁਸ਼ਮਣਾਂ ਦੇ ਸੱਭਿਆਚਾਰਕ ਹਮਲਿਆਂ ਨੂੰ ਕਿਵੇਂ ਰੋਕੋਗੇ? ਚੁਫੇਰਿਉਂ ਚੜ੍ਹੀ ਆ ਰਹੀ ਮਹਾਮਾਰੀ ਦੀ ਦੋਹਾਈ ਪਾ ਰਿਹਾ ਆਂ। ਅਣਖ ਮਰੀ ਨਹੀਂ ਤਾਂ ਸੁਣ ਲਓ; ਤੁਹਾਡਾ ਹਰ ਕੌਮੀ ਪੱਖ ਦਾ ਚਿੱਟਾ ਸੋਨਾ ਲੁੱਟਿਆ ਜਾ ਰਿਹਾ ਹੈ ਤੇ ਗਿਲਟ ਤੁਹਾਡੇ ਮੱਥੇ ਮਾਰ ਕੇ ਤੁਹਾਨੂੰ ਜ਼ਖਮੀ ਕੀਤਾ ਜਾ ਰਿਹਾ ਹੈ। ਤਾਂ ਜੋ ਨਤਾਣੇ ਹੋਏ ਜ਼ਬਰਾਂ ਦੇ ਸਦਾ ਲਈ ਗੁਲਾਮ ਬਣੇ ਰਹੋ।

ਪੰਜਾਬ ਦੇ ਸਿੱਖੀ ਸਿਦਕ ਨੂੰ ਜ਼ਿੰਦਗੀ ਮੌਤ ਦਾ ਅਜਿਹਾ ਜਾਨ ਮਾਰੂ ਇਮਤਿਹਾਨ; ਪੁਰਾਣੀਆਂ ਜੁਗ ਗਰਦੀਆਂ ਵਿਚ ਨਹੀਂ ਪਿਆ ਸੀ। ਅੰਦਰਲੇ ਤੇ ਬਾਹਰਲੇ ਦੁਸ਼ਮਣ, ਸਾਡੇ ਸੱਚੇ ਸੁੱਚੇ ਸਿਧਾਂਤਕ ਗੁਰੂ ਵਿਰਸੇ ਦੀਆਂ ਜੜ੍ਹਾਂ ਪੁੱਟ ਕੇ, ਆਪਣੀਆਂ ਬੋਦੀਆਂ ਤੇ ਕੰਡਿਆਲੀਆਂ ਕੀਮਤਾਂ ਸਾਡੇ ਵਿਹੜੇ ਲਾ ਰਹੇ ਹਨ। ਸਾਡਾ ਸਿੱਖ ਸਿਧਾਂਤ, ਜਿੰਨਾ ਅੱਜ ਦੇ ਜਨਹਿਤ ਅਵਤਾਰ ਸਾਇੰਸ ਦਾ ਸਾਥੀ ਹੈ; ਹੋਰ ਕੋਈ ਵੀ ਧਰਮ ਸਿਧਾਂਤ ਨਹੀਂ। ਸਾਇੰਸ ਸਿੱਖ ਸਿਧਾਂਤ ਦੀ ਸਮਝੋ ਹੁਣ ਵੱਡੀ ਭੈਣ ਹੈ। ਸਾਇੰਸ ਸਾਨੂੰ ਆਫਤਾਂ ਦਾ ਮੁਕਾਬਲਾ ਕਰਵਾਉਣ ਵਾਲੀ ਸਾਡੀ ਅਗਵਾਨੂੰ ਹਮਦਰਦ ਸਹੇਲੀ ਹੈ। ਜਿਹੜੇ ਸਾਧ ਸੰਤ ਹਾਲੇ ਵੀ ਕਰਮਕਾਂਡਾਂ ਤੇ

ਕਰਾਮਾਤਾਂ ਦੇ ਪ੍ਰਚਾਰ ਨਾਲ ਸਾਧ ਦਾ ਸੁਭਾਅ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ; ਸਿਰੇ ਦੇ ਪਖੰਡੀ, ਗਿਆਨ ਵਿਹੂਣੇ, ਆਪਣੀਆਂ ਠੱਗੀਆਂ ਚਲਾਈ ਜਾ ਰਹੇ ਹਨ। ਗੁਰੂਕਿਆਂ ਨੇ ਉਨ੍ਹਾਂ ਨੂੰ ਬਨਾਰਸ ਦੇ ਠੱਗ ਆਖਿਆ ਸੀ। ਹੁਣ ਤਾਂ ਇਹ ਨਿਊਯਾਰਕ ਦੇ ਫੰਧ ਬਾਜ ਵੀ ਐ। ਪਹਿਲੋਂ ਸਿਰੜ ਨਾਲ ਆਪਣੀ ਸਾਂਭ ਸੰਭਾਲ ਕਰਨੀ ਸਿੱਖੋ ਤੇ ਮੁੜ ਸਾਥੀਆਂ ਨੂੰ ਸਿਖਾਉ। ਇਸ ਗੁੱਝੀ ਤੇ ਸ਼ਰੇਆਮ ਲੁੱਟ ਦਾ ਮੁਕਾਬਲਾ ਕਰਨ ਲਈ ਜੁੜੋ, ਮੁੜ ਸਿੱਖ ਕੇ ਤਿਆਰ ਪੁਰ ਤਿਆਰ ਹੋਵੋ। ਜੇ ਪਾਣੀ ਸਿਰੋਂ ਉੱਪਰ ਚੜ੍ਹ ਖਲੋਵੇ, ਪਹਿਲੋਂ ਤਰੋ ਤੇ ਮੁੜ ਸਖਤ ਜਾਨ ਹੋ ਕੇ ਵਿਰੋਧਾਂ ਨਾਲ ਲੜੋ। ਆਪਣੇ ਹੱਕਾਂ ਦੀ ਰਾਖੀ ਲਈ ਲੜਨਾ ਸਾਨੂੰ ਸਾਡੇ ਗੁਰੂ ਨੇ ਸਿਖਾਇਆ ਹੈ ਤੇ ਇਹ ਅਮਲ ਹਰ ਤਰ੍ਹਾਂ ਹਲਾਲ ਹੈ। ਕੋਈ ਕਮਾਵੇ ਤੇ ਕੋਈ ਮੁਫਤ ਹੀ ਖਾਵੇ; ਇਹ ਕਿਧਰਲਾ ਕਾਨੂੰਨ ਅਥਵਾ ਪ੍ਰਥਾ ਹੈ? ਇਨ੍ਹਾਂ ਧੱਕੇਸ਼ਾਹੀਆਂ ਵਿਰੁੱਧ ਪੰਜਾਬ ਹੁਣ ਤੱਕ ਧਰਮ ਯੁੱਧ ਲੜਦਾ ਆਇਆ ਹੈ। ਕੁਰਬਾਨੀਆਂ ਦੇਣ ਦੇ ਬਾਵਜੂਦ, ਆਜ਼ਾਦ ਹੋ ਜਾਣ ਬਾਅਦ ਤਾਂ ਅਸੀਂ ਦੋਹਰੀ ਗੁਲਾਮੀ ਵਿਚ ਬੁਰੀ ਤਰ੍ਹਾਂ ਆ ਫਸੇ ਆਂ। ਸਾਰਾ ਹਿੰਦੁਸਤਾਨ ਜ਼ੁਬਾਨ ਦੇ ਅਧਾਰ ਤੇ ਸੂਬਿਆਂ ਵਿਚ ਵੰਡ ਦਿੱਤਾ ਪਰ ਤੇਰਾਂ ਸਾਲਾਂ ਪਿੱਛੋਂ, ਪੰਜਾਬ ਨੂੰ ਦਸਾਂ ਜ਼ਿਲ੍ਹਿਆਂ ਵਿਚ ਹਿੰਦੂ ਸਿੱਖ ਪੈਮਾਨੇ ਨਾਲ ਮਾਪ ਧਰਿਆ ਜ਼ੁਬਾਨ ਦਾ ਅਧਾਰ ਜ਼ਬਰ ਪਾ ਦਿੱਤਾ। ਦੋ ਲਵੋ ਆਜ਼ਾਦੀ ਲਈ ਤਰਾਨਵੇਂ ਫਾਂਸੀਆਂ ਤੇ ਅੱਸੀ ਫੀਸਦੀ ਕੁਰਬਾਨੀਆਂ। ਇਹ ਉਹ ਹਟਬਾਣੀਏ ਐ, ਜਿਹੜੇ ਪਹਿਲੋਂ ਦਾਣਿਆਂ ਦੀ ਚੁੰਗ ਵਿਚੋਂ ਪਾਸਕੂ ਮਾਰਦੇ ਐ; ਫਿਰ ਸੌਦੇ ਵਿਚੋਂ ਮੁਨਾਫਾ ਕੁਤਰਦੇ ਹੈ। ਹੁਣ ਚੱਜ ਨਾਲ ਫਸ ਗਏ ਹੋ ਤਾਂ ਕੋਈ ਘਰੋਗੀ ਏਕੇ ਵਾਲਾ ਹੀਲਾ ਵਸੀਲਾ ਸੋਚੋ। ਗੁਰੂਕਿਆਂ ਨੇ ਬੁੱਤਪ੍ਰਸਤੀ ਦੀ ਜਕੜ ਤੋੜੀ ਸੀ। ਹੁਣ ਸਰਕਾਰੀ ਵਸੀਲਿਆਂ ਰਾਹੀਂ ਉਹੀ ਜਕੜ ਨਹੀਂ ਕਸੀ ਜਾ ਰਹੀ? ਇਸ ਗੱਲ ਨੂੰ ਜਾਗਦੇ ਸਿਰ ਤਾਂ ਮਹਿਸੂਸ ਕਰਨਗੇ; ਪਰ ਜਿਹੜੇ ਕਾਂਗਰਸ ਤੇ ਭਾਜਪਾ ਨਾਲ ਜਾ ਜੁੜੇ ਹਨ; ਉਹ ਤਾਂ ਖੂੰਡਿਆਂ ਨਾਲ ਹੀ ਮੋੜੇ ਜਾ ਸਕਣਗੇ। ਪਹਿਲੋਂ ਸੋਚੋ, ਮੁੜ ਗੁਰੂ ਅੱਗੇ ਆਪਣੀ ਕਲਿਆਣ ਲਈ ਅਰਦਾਸ ਕਰੋ ਤੇ ਭੁੱਲ ਦੀ ਮਾਫੀ ਮੰਗੋ।

ਅਗਲੀ ਗੱਲ, ਬੁੱਢੀ ਹੋਈ ਅਕਲੋਂ ਹਾਰੀ ਲੀਡਰਸ਼ਿਪ, ਚਾਰ ਦਿਨਾਂ ਦੀ ਪ੍ਰਾਹੁਣੀ ਐ। ਤੁਸੀਂ ਨੌਜਵਾਨੋ! ਜੇ ਗੁਰੂ ਸੰਵਾਰੀ ਵਰਾਸਤ ਨਾ ਸੰਭਾਲੀ, ਤਾਰੀਖੀ ਤਖ਼ਤਿਓਂ ਹੀ ਸਦਾ ਲਈ ਲਹਿ ਜਾਵੋਗੇ ਤੇ ਸਾਰੀ ਉਮਰ ਗੁਲਾਮੀ ਭੋਗਣਾ ਵੱਟ ਤੇ ਪਿਆ ਹੈ। ਜੇ ਨਸ਼ਿਆਂ ਵਿਚ ਡੁੱਬਦੇ ਗਰਕਦੇ ਰਹੇ, ਮਾਂ ਧਰਤੀ ਤੋਂ ਪ੍ਰਦੇਸਾਂ ਨੂੰ ਭੱਜਦੇ ਰਹੇ; ਤੁਹਾਡਾ ਤਾਂ ਰਹਿਣਾ ਦੀ ਕੱਖ ਨਹੀਂ। ਕੁਰਬਾਨੀਆਂ ਭਰੇ ਇਤਿਹਾਸ

ਦੀ ਸਫ ਵਲੇਟੀ ਜਾਵੇਗੀ ਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵੀ ਕਿਸੇ ਲਾਇਬ੍ਰੇਰੀ ਦੇ ਖਾਨੇ ਵਿਚ ਕੈਦ ਹੋ ਕੇ ਰਹਿ ਜਾਵੇਗਾ। ਪੰਜਾਬ ਨੂੰ ਹਰ ਪੱਖੋਂ ਉਜਾੜਨ ਵਾਲਿਉ; ਇਹਦੀਆਂ ਬਹਾਦਰ ਜਿੱਤਾਂ ਤੇ ਦਿੱਤੀਆਂ ਅਥਾਹ ਕੁਰਬਾਨੀਆਂ ਦਾ ਅਹਿਸਾਸ ਕਰੋ। ਕਿਕਲੀ ਪਾਉਂਦੀਆਂ ਮੁਟਿਆਰਾਂ ਗਾਉਂਦੀਆਂ ਸਨ : "ਦੇਸ਼ਾਂ ਵਿਚੋਂ ਦੇਸ ਹੈ ਪੰਜਾਬ ਨੀ ਸਈਓ।" ਉਹਦਾ ਖੁਰਾ ਖੋਜ ਹੀਂ ਮਿਟ ਜਾਵੇਗਾ। ਸੰਜੀਦਗੀ ਨਾਲ ਸੋਚੋ, ਇਹਦਾ ਖੁਰਾ ਖੋਜ ਕੌਣ ਮਿਟਾ ਰਿਹਾ ਹੈ? ਐਨੇ ਵੱਡੇ ਖੁੱਲ੍ਹੇ, ਡੁੱਲ੍ਹੇ ਪੰਜਾਬ ਨੂੰ, ਦਸ ਜ਼ਿਲ੍ਹਿਆਂ ਵਿਚ ਕੀਹਨੇ ਨੂੜ ਛੱਡਿਆ ਏ?

ਅੰਗਰੇਜ਼ਾਂ ਨੂੰ ਆਪਣੀ ਬਦਹਾਲੀ ਦਾ ਸਾਰਾ ਦੋਸ਼ ਨਾ ਦਿਉ। ਉਹ ਜਾਣ ਤੋਂ ਪਹਿਲਾਂ ਇਮਾਨਦਾਰੀ ਨਾਲ ਪੰਜਾਬੀ ਸਿੱਖਾਂ ਨੂੰ ਪੂਰੀ ਕੌਮ ਮੰਨਦਾ ਸੀ ਤੇ ਸਿੱਖਾਂ ਦਾ ਕੌਮੀ ਵਿਰਸਾ ਉਨ੍ਹਾਂ ਨੂੰ ਦੇਣਾ ਚਾਹੁੰਦਾ ਸੀ। ਤੁਹਾਡਾ ਉਹ ਕੌਮੀ ਹੱਕ ਨਹਿਰੂ ਦੇ ਢਹੇ ਚੜ੍ਹੇ ਬਲਦੇਵ ਸਿੰਘ ਤੇ ਆਰੀਆ ਪ੍ਰੈੱਸ ਦੀ ਖੋਟੀ ਪ੍ਰਸੰਸਾ ਵਿਚ ਆਏ ਮਾ. ਤਾਰਾ ਸਿੰਘ ਨੇ ਗਵਾਇਆ। "ਹਮਾਰੇ ਵੀ ਹੈਂ ਮਿਹਰਬਾਨ ਕੈਸੇ ਕੈਸੇ।" ਸਾਡੇ ਆਗੂਆਂ ਫੁਲਾਦ ਵਿਚ ਆ ਕੇ ਆਪ ਬੇੜੀਆਂ ਵਿਚ ਵੱਟੇ ਪਾਏ ਅਤੇ ਇਕ ਅਣਖੀਲੀ ਜੋਧਾ ਕੌਮ ਦੇਖੋ ਯਾਰੋ ਹੀਜੜਿਆਂ ਦੀ ਗੁਲਾਮ ਬਣਾ ਧਰੀ। ਇਕ ਸ. ਹਰੀ ਸਿੰਘ ਨੇ ਸਿੱਖ ਕੌਮ ਦੇ ਬਚਾਅ ਲਈ, ਮਿਸਟਰ ਜਿਨਾਹ ਨਾਲ ਮਿਲ ਕੇ ਇਕ ਸਕੀਮ ਲਿਆਂਦੀ ਸੀ ਜਿਸ ਦੀ ਹੱਦ ਦਰਿਆ ਝਨਾਂ ਤੋਂ ਮਾਰਕੰਡਾ ਦਰਿਆ ਤੱਕ ਜਾਂਦੀ ਸੀ। ਲਾਹੌਰ ਰਾਜਧਾਨੀ ਤੇ ਪਾਕਿਸਤਾਨ ਵਿਚ ਵੀਹ ਫੀਸਦੀ ਪੱਕੀ ਫੌਜੀ ਭਰਤੀ ਵਾਲੀ ਸ਼ਰਤ ਵੀ ਸ਼ਾਮਲ ਸੀ। ਇਸ ਤਰ੍ਹਾਂ ਪਾਕਿਸਤਾਨ ਵਿਚ ਪੱਕੀ ਖੁਦਮੁਖਤਾਰੀ ਵਾਲੀ ਸਟੇਟ ਸਾਨੂੰ ਮਿਲਦੀ ਸੀ। ਪਰ ਮਾ. ਤਾਰਾ ਸਿੰਘ ਦੇ ਬੰਦਿਆਂ ਉਸੇ ਰਾਤ ਜੈਕਾਰੇ ਛੱਡਦਿਆਂ, ਵਿਚਾਰੇ ਹਰੀ ਸਿੰਘ ਦਾ ਸਾਰਾ ਟੱਬਰ ਹੀ ਵੱਢ ਸੁੱਟਿਆ। ਵਿਚਾਰਾ ਹਰੀ ਸਿੰਘ ਤੇ ਉਸ ਦੀ ਇਕ ਭਰਜਾਈ ਕੋਠੇ ਤੋਂ ਪਿਛਾੜੀ ਲਮਕ ਕੇ, ਡਿੱਗਦੇ ਢਹਿੰਦੇ ਡੇਹਰਾ ਸਾਹਿਬ ਲਾਹੌਰ ਗੁਰਦਵਾਰੇ ਮਸਾਂ ਪਹੁੰਚੇ। ਸ. ਹਰੀ ਸਿੰਘ ਦਾ ਟੱਬਰ ਬੱਚਿਆਂ ਸਮੇਤ ਮਾਰਨ ਵਾਲੇ ਮਾ. ਤਾਰਾ ਸਿੰਘ ਦੇ ਭੇਜੇ ਬੰਦੇ, ਪੰਜਾਬੀ ਕੌਮ ਦੇ ਗਦਾਰ ਨਹੀਂ ਸਨ? ਇਨ੍ਹਾਂ ਦੋਹਾਂ ਆਗੂਆਂ ਬਲਦੇਵ ਸਿੰਘ ਤੇ ਮਾ. ਤਾਰਾ ਸਿੰਘ ਦੀਆਂ ਆਪਹੁਦਰੀਆਂ ਸਦਕਾ, ਨਤੀਜਾ ਨਿਕਲਿਆ, ਇਕ ਬਹਾਦਰ ਕੌਮ ਦੀ ਪੱਕੀ ਗੁਲਾਮੀ ਤੇ ਬਰਬਾਦੀ। ਪੰਜਾਬੀਓ! ਚੋਪੜ ਲਉ ਆਪਣੇ ਆਗੂਆਂ ਦੇ ਸਿੰਙ; ਜਿਨ੍ਹਾਂ ਕੌਮ ਦੀਆਂ ਜੜ੍ਹਾਂ ਵਿਚ ਤੇਲ ਦਿੱਤਾ ਤੇ ਗੁਲਾਮੀ ਗਲ ਪਵਾਈ।

ਤਾਰੀਖੀ ਸੂਰਮਿਆਂ ਦੀ ਧਰਤੀ, ਪੰਜਾਬ ਦੇ ਨੌਜਵਾਨੋ! ਇਹ ਤੁਹਾਡੇ ਅਕਲੋਂ

ਤੇ ਬਲੋਂ ਹਾਰੇ ਬੁੱਢੇ ਜਰਨੈਲਾਂ ਦੀਆਂ ਕਰਤੂਤਾਂ ਦੀ ਦਾਸਤਾਂ ਹੈ। ਮੈਨੂੰ ਹਾਲੇ ਵੀ ਤੁਹਾਡੇ ਬੁੱਢੇ ਤੇ ਮਨੋਂ ਹਾਰੇ ਬੁੱਢੇ ਜਰਨੈਲ ਬ੍ਰਾਹਮਣਵਾਦ ਦੀਆਂ ਖੱਚਰਾਂ ਘੋੜੀਆਂ ਬਣੇ ਹੌਂਕਦੇ ਪ੍ਰਤੀਤ ਹੋ ਰਹੇ ਹਨ। ਜੇ ਸਿਰ ਦੀ ਹਨੇਰੀ ਰਾਤ ਵਿਚ ਅਕਲ ਹਿੰਮਤ ਦਾ ਕੋਈ ਤਾਰਾ ਚਮਕਦਾ ਹੈ; ਤਾਂ ਆਪਣੇ ਕਾਲੇ ਭਵਿੱਖ ਬਾਰੇ; ਮਿਹਰਬਾਨੀ ਕਰਕੇ ਗੁਰੂ ਸੰਜੀਦਗੀ ਨਾਲ ਗਹਿਰਾ ਸੋਚੋ। ਮੰਨੋ ਚਾਹੇ ਨਾ ਮੰਨੋ, ਅੱਜ ਸਿੱਖ ਕੌਮੀਅਤ ਭੋਗ ਦੇ ਸ਼ਲੋਕਾਂ ਉੱਤੇ ਆਈ ਹੋਈ ਐ। ਇਹ ਸੱਚ ਮੈਂ ਹੀ ਨਹੀਂ ਕਹਿ ਰਿਹਾ; ਸਮੇਂ ਦੇ ਵਿਗੜੇ ਹਾਲਾਤ ਤੇ ਮਹਾਂ ਪੰਡਤ ਭਿਰਗੂ ਮਹਾਰਾਜ ਦੀ ਖੋਟੀ ਨੀਅਤ, ਨੰਗੀ ਚਿੱਟੀ ਪੈਰ ਪੈਰ ਤੇ ਵਰਸਾ ਰਹੀ ਹੈ। ਦੂਜੀ ਮਹਾਮਾਰੀ ਅਕਲੋਂ ਹਾਰੇ ਤੁਹਾਡੇ ਬੁੱਢੇ ਜਰਨੈਲ ਕੌਮ ਨੂੰ ਕਾਲੇ ਨਾਗਾਂ ਦੀ ਬਰਮੀ ਵਿਚ ਲੈ ਵੜੇ ਹਨ। ਇਹ ਖੋਸੜ ਲਾਣਾ ਅਣਖੀਲੀ ਤੇ ਬਹਾਦਰ ਕੌਮ ਨੂੰ ਕਾਲੀ ਮੌਤ ਦੇ ਵਾੜੇ ਵਾੜ ਕੇ ਅਨੰਦ ਨਾਲ ਲੰਮੀਆਂ ਤਾਣ ਕੇ ਘੂਕ ਸੁੱਤੇ ਘੁਰਾੜੇ ਮਾਰ ਰਹੇ ਐ।

ਭੋਲੇ ਤੇ ਬੇਪ੍ਰਵਾਹ ਨੌਜਵਾਨੋ! ਤੁਹਾਡੀ ਨੀਤੀ ਪੱਖੋਂ ਕੀਤੀ ਬੀ.ਏ., ਐਮ.ਏ. ਕਿਹੜੇ ਖੂਹ ਖਾਤੇ ਪੈ ਗਈ? ਜਿਹੜੇ ਕੇਵਲ ਪ੍ਰਧਾਨਗੀਆਂ ਸ਼ਕਤਰੀਆਂ ਦੀ ਦਲਦਲ ਵਿਚ ਹੀ ਸਤਾਰਾਂ ਥਾਂ ਖੁੱਭ ਹੌਂਕੇ ਰਹੇ; ਕੌਮ ਦਾ ਭਵਿੱਖ ਤੇ ਵਕਾਰ ਕੀ ਸਵਾਰਨਗੇ? ਜੇ ਦਸਮ ਗੁਰੂ ਨੂੰ ਪਰਮ ਪਿਤਾ ਮੰਨਦੇ ਹੋ, ਉਹਦੇ ਹੁਕਮਾਂ ਆਦਰਸ਼ਾਂ ਉੱਤੇ ਫੁੱਲ ਵੀ ਚੜ੍ਹਾਉਂਦੇ, ਮੱਥਾ ਵੀ ਟੇਕਦੇ ਹੋ; ਫਿਰ ਉਹਦੀ ਆਦੇਸ਼ ਹਜ਼ੂਰੀ ਤੋਂ ਬਾਗੀ ਹੋ ਕੇ ਆਪਣੀ ਖੁਦਗਰਜ਼ੀ ਤੇ ਗਦਾਰੀ ਨੂੰ ਪੱਠੇ ਕਿਉਂ ਪਾਉਂਦੇ ਹੋ? ਵਰਤਮਾਨ ਅਸਲੀਅਤ ਇਹ ਕਹਿ ਰਹੀ ਹੈ, ਆਪਣੀਆਂ ਖੁਦਗਰਜ਼ੀਆਂ ਕਾਰਨ, ਗੁਰੂ ਲੀਹ ਤੋਂ ਭਟਕੇ ਅਜਿਹੇ ਬੇਮੁੱਖ ਕਿਉਂ ਹੋਏ ਓ ਕਿ ਕੌਮੀ ਗੈਰਤ ਹੀ ਵੇਚ ਵੱਟ, ਖਾ ਮੁਕਾਅ ਧਰੀ। ਆਪਸੀ ਖਹਿਬਾਜ਼ੀ ਵਿਚ ਜਿਹੜੀਆਂ ਰਹਿੰਦੀਆਂ ਮੁੱਛਾਂ ਮਰੋੜ ਰਹੇ ਹੋ; ਦੁਸ਼ਮਣ ਪਹਿਲੋਂ ਇਨ੍ਹਾਂ ਮੁੱਛਾਂ ਉੱਤੇ ਹੀ ਤੇਜ਼ਧਾਰ ਉਸਤਰਾ ਫੇਰ ਰਿਹਾ ਹੈ। ਆਪਣਾ ਤੇ ਕੌਮ ਦਾ ਘਰੜ ਹੋਇਆ ਮੂੰਹ, ਗੁਰੂ ਸ਼ੀਸ਼ੇ ਵਿਚ ਵੇਖੋ, ਅਣਖ ਦੀ ਨਿਸ਼ਾਨੀ ਮੁੱਛਾਂ ਕਿੱਥੇ ਹਨ? ਭੱਠ ਪਈਆਂ ਗੁਰੂ ਅੱਗੇ ਕੀਤੀਆਂ ਸਾਂਝੀਆਂ ਅਰਦਾਸਾਂ। ਹੁਣ ਆਖਰੀ ਫੈਸਲਾ ਕਰਨ ਦਾ ਸਮਾਂ ਆ ਗਿਆ ਹੈ, ਕੌਮੀ ਗਦਾਰੀ ਦੀ ਕਾਲਖ ਲੈ ਕੇ ਮਰਨਾ ਹੈ, ਜਾਂ ਗੁਰੂ ਦੀ ਕੌਮੀਅਤ ਨੂੰ ਸਮਰਪਤ ਹੋਣਾ ਹੈ? ਕਵਾਲ ਦੋਹਰਾ ਹੋ ਹੋ ਗਾ ਰਿਹਾ ਸੀ :-

"ਈਮਾਨ ਰਖ ਲੈ, ਜਾਂ ਜਹਾਨ ਰਖ ਲੈ!"

ਸਿੱਖੀ ਸਿਦਕ ਪੰਜਾਬ ਵਿਚ ਲਕੀਰ ਖਿੱਚ ਖਲੋਤਾ ਹੈ। ਹੁਣ ਫੈਸਲਾ ਕਰੋ, ਸਿੱਖੀ ਸੋਨਾ ਰੱਖਣੀ ਹੈ ਜਾਂ ਸਿੱਧੇ ਹੋ ਕੇ ਪੱਥਰ ਪੂਜ ਹੋਣਾ ਹੈ? ਗਦਾਰ ਬਣ ਕੇ

ਡੋਗਰਿਆਂ ਵਾਂਗ ਸ਼ਰਮ ਵੇਚ ਕੇ ਵਜ਼ੀਰੀਆਂ ਲੈਣੀਆਂ ਹਨ; ਜਾਂ ਸਿਰ ਤਲੀ 'ਤੇ ਧਰ ਕੇ ਸ਼ਹੀਦ ਹੋਣ ਵਾਲੇ ਬਾਬਾ ਦੀਪ ਸਿੰਘ ਦੀ ਬਲਕਾਰੀ ਸੰਤਾਨ ਬਣਨਾ ਹੈ? ਜੇ ਗੁਰੂ ਦੀ ਬਖਸ਼ੀ ਕੌਮੀ ਸਲਾਮਤੀ ਚਾਹੁੰਦੇ ਹੋ; ਤਾਂ ਆਪਣੇ ਗਦਾਰ ਆਗੂਆਂ ਨੂੰ ਸੋਧ ਸੋਧਾਈ ਕਰਕੇ, ਸ੍ਰੀ ਅਕਾਲ ਤਖਤ ਦੇ ਆਦਰਸ਼ਾਂ ਵਿਚ ਬੈਠਦੇ ਕਰੋ।

"ਅੰਨ੍ਹਾ ਆਗੂ ਜੇ ਥੀਆ, ਭੱਠ ਪਵੇ ਰਿਹਾਈ।"

ਸਾਰੇ ਜਤਨ ਵਿਅਰਥ ਜਾਣ ਪਿੱਛੋਂ ਕੌਮੀ ਜਾਗ੍ਰਿਤੀ ਲਈ, ਪਵਿੱਤਰ ਬਗਾਵਤ ਹੀ ਬਾਕੀ ਰਹਿ ਜਾਂਦੀ ਹੈ। ਤੇ ਪਵਿੱਤਰ ਬਗਾਵਤ ਲਈ ਕੌਮੀ ਸਿਦਕ ਸਿਖਲਾਈ ਲੰਮੀ ਤਪ ਸਾਧਨਾ ਲਾਜ਼ਮੀ ਹੈ। ਕੱਚੇ ਭਾਂਡੇ ਪਾਇਆ ਪਾਣੀ ਭਾਂਡੇ ਦਾ ਵੀ ਨਾਸ ਮਾਰਦਾ ਹੈ। ਮੁਕੰਮਲ ਮੁਕਤੀ ਲੰਮੀ ਸਾਧਨਾ ਤੇ ਸਿਦਕਵਾਨ ਮਿਹਨਤ ਹੀ ਦੇ ਸਕਦੀ ਹੈ। ਦੋਸਤੋ, ਸਿਦਕਵਾਨੋ! ਕੌਮੀ ਹੋਸ਼ ਦੇ ਥੋੜ੍ਹੇ ਜਿੰਨੇ ਤਾਂ ਕੰਨ ਖਿੱਚੋ। ਪੜ੍ਹੇ-ਲਿਖੇ ਹੋ, ਕੌਮੀ ਬੇਇੱਜ਼ਤੀ ਵੀ ਬਹੁਤ ਕਰਵਾ ਚੁੱਕੇ ਹੋ, ਬਚਦਾ ਕੌਮੀ ਬੀਜ ਖਾਓ, ਮੁਕਾਓ ਨਾ; ਵਤ ਸਿਰ ਆਈ ਜਨਤਾ ਧਰਤੀ ਵਿਚ ਪੋਰ ਦੇਵੋ। ਲੋਕ ਧਰਤੀ ਵਿਚੋਂ ਕੁਦਰਤੀ ਜ਼ਰਖੇਜ਼ੀ ਕਦੇ ਜਾ ਨਹੀਂ ਸਕਦੀ। ਵਿਸ਼ਵਾਸ ਰੱਖੋ, ਗੁਰੂ ਸੱਚੀ ਅਰਦਾਸ ਨੂੰ ਕਬੂਲ ਕਰੇਗਾ। ਜੇ ਤੁਹਾਡਾ ਨਿਸ਼ਚਾ ਅਡੋਲ ਹੈ, ਗੁਰੂ ਨਿਸ਼ਚਿਤ ਫਤਹਿ ਬਖਸ਼ੇਗਾ। ਲੁਟੇਰਿਆਂ ਨਾਲ ਮੱਥਾ ਲਾਏ ਬਿਨਾਂ ਕਦੰਤ ਨਹੀਂ ਸਰਨਾ। ਹਰ ਪੰਜਾਬੀ ਦੇ ਦਿਲ ਕੌਮੀ ਸ਼ਕਤੀ ਦਾ ਉਬਾਲ ਖੜਾ ਕਰੋ। ਗੁਰੂ ਅੱਗੇ ਪਰਨ ਕਰੋ, ਹਰਾਮ ਖਾਣਾ ਨਹੀਂ ਤੇ ਸਖਤ ਮਿਹਨਤ ਨਾਲ ਕਮਾਇਆ ਹਲਾਲ ਲੁਟੇਰਿਆਂ ਨੂੰ ਖਾਣ ਨਹੀਂ ਦੇਣਾ। ਗੁਰੂ ਨੇ ਸੱਚਿਆਂ ਤੇ ਸਿਦਕਵਾਨਾਂ ਨੂੰ ਹਮੇਸ਼ਾ ਗਲ ਲਾਇਆ ਹੈ। ਨਿਸ਼ਕਾਮ ਸੇਵਾ ਤੇ ਅਰਾਧਾ ਨੂੰ ਹਮੇਸ਼ਾ ਫਲ ਲੱਗਾ ਹੈ। ਇਤਿਹਾਸ ਸਾਡਾ ਪੱਕਾ ਗਵਾਹ ਹੈ। ਸਿਰੜੀ ਕਿਰਤੀਓ! ਮਿਹਨਤ ਵੀ ਦੇਸ ਭਗਤੀ ਹੈ। ਧਰਮੀ ਮਾਂ ਮਿਹਨਤ ਨੂੰ ਹਲੂਣਾ ਦਿਓ, ਬਹੁ ਗੁਣੀ ਫਲੇਗੀ। ਆਪ ਖਾਓ, ਲੋੜਵੰਦ ਕਿਰਤੀਆਂ ਦਾ ਢਿੱਡ ਭਰੋ। ਇਸ ਤੋਂ ਵੱਡੀ ਦੇਸ ਸੇਵਾ ਕੋਈ ਨਹੀਂ। ਵੰਡ ਖਾਣਾ, ਗੁਰੂ ਆਦੇਸ਼ ਬ਼ਰਕਤ ਹੈ। ਪੜ੍ਹ-ਲਿਖੇ ਭਾਈਚਾਰੇ ਦਾ ਅਹਿਸਾਸ ਬਹੁ ਗੁਣਾ ਹੋ ਕੇ ਫਲਦਾ ਹੈ। ਨਹੀਂ, ਭੈੜੇ ਨਤੀਜੇ ਵੇਖ ਕੇ ਤਾਂ ਅਨਪੜ੍ਹ ਜੱਟ ਨੇ ਵੀ ਸਲੰਗ ਚੁੱਕ ਲਈ ਸੀ। ਅਕਲਮੰਦ ਨੂੰ ਇਸ਼ਾਰਾ ਕਾਫੀ; ਪਰ ਮੈਂ ਤਾਂ ਕੋਠੇ ਚੜ੍ਹ ਕੇ ਦੋਹਾਈ ਪਾ ਰਿਹਾ ਆਂ। ਸੁਣਦੇ ਹੋ ਕਿ ਕੰਨਾਂ ਵਿਚ ਬੁੱਜੇ ਦਿੱਤੇ ਐ?

ਵੇਲਾ ਸੰਭਾਲੋ ਤੇ ਇਸ ਵਿਸ਼ਵਾਸ ਨਾਲ ਯਕੀਨ ਕਰੋ, ਤੁਸੀਂ ਗੁਰੂ ਗੋਬਿੰਦ ਸਿੰਘ ਤੇ ਸ਼ਹੀਦ ਮਹਾਂਪੁਰਖਾਂ ਦੀ ਔਲਾਦ ਹੋ। ਹੁਣ ਫੈਸਲਾ ਕਰੋ, ਉਸ ਦੀਆਂ ਸਾਰੀਆਂ ਬਰਕਤਾਂ ਤੇ ਵਿਰਾਸਤਾਂ ਦੀ ਮਾਲਕੀ ਕਾਇਮ ਰੱਖਣੀ ਹੈ ਜਾਂ ਭੰਗ ਦੇ

ਭਾੜੇ ਰੋੜ੍ਹ ਦੇਣੀ ਹੈ? ਆਪਣੇ ਕੌਮੀ ਫਰਜ਼ਾਂ ਦਾ ਨਬੇੜਾ ਕਰੇ ਬਿਨਾਂ ਕਿਵੇਂ ਵੀ ਛੁਟਕਾਰਾ ਨਹੀਂ। ਤੁਹਾਡੇ ਕੌਮੀ ਘਰ ਦਾ ਕੂੜਾ ਕਿਸੇ ਹੋਰ ਨੇ ਸਾਫ ਨਹੀਂ ਕਰਨਾ। ਗੁਰੂ ਨੂੰ ਗਵਾਹ ਜਾਣ ਕੇ ਪਰਨ ਕਰੋ, ਲੋਕਾਂ ਦੀ ਦਰਗਾਹ, ਸੰਗਤ ਵਿਚ ਗੁਰੂ ਦੇ ਸਪੁੱਤਰ ਹੋਣਾ ਹੈ ਜਾਂ ਊਤ ਬਣਨਾ ਹੈ। ਸਮਾਂ ਸੋਨਾ ਹੱਥੋਂ ਨਿਕਲ ਰਿਹਾ ਹੈ, ਛੇਤੀ ਫੈਸਲਾ ਕਰੋ, ਗੁਰੂ ਮਾਰਗ ਜਾਣਾ ਹੈ ਜਾਂ ਕੌਮੀਅਤ ਖਾਣ ਵਾਲੇ ਅੰਨ੍ਹੇ ਖੂਹ ਡਿੱਗਣਾ ਹੈ। ਦੱਸੋ, ਕੁਰਬਾਨੀਆਂ-ਆਜ਼ਾਦੀਆਂ ਵਾਲਾ ਇਕ ਖੁੱਲ੍ਹਾ ਰਾਹ ਹੈ; ਦੂਜੇ ਪਾਸੇ ਅਹੁਦਿਆਂ ਵਾਲੀਆਂ ਤਾਰੀਖੀ ਗਦਾਰੀਆਂ ਹਨ। ਗਦਾਰੀ, ਸਰਦਾਰੀ ਤਾਂ ਦਿੰਦੀ ਹੈ; ਪਰ ਕੌਮੀ ਅਣਖ ਦੀ ਪਹਿਲੋਂ ਜਾਨ ਕੱਢ ਲੈਂਦੀ ਹੈ। ਲੋਕ ਇਤਿਹਾਸ ਦੇ ਦੋ ਹੀ ਰਾਹ ਹਨ, ਕੌਮੀ ਵਫਾਦਾਰੀ ਤੇ ਗਦਾਰੀ। ਨੌਜਵਾਨੋ! ਗੁਰੂ ਪੰਥ ਨੂੰ ਤੁਹਾਡੇ ਤੇ ਹੀ ਆਖਰੀ ਆਸ ਹੈ। ਅਣਖੀਲੇ ਗੁਰੂ ਨੂੰ ਸਮਰਪਤ ਹੋ ਤਾਂ ਸ਼ੇਰ ਦੀ ਬੱਬ ਮਾਰ ਕੇ ਅੰਗੜਾਈ ਤੋੜੋ। ਸਰਦਾਰੇ ਆਜ਼ਮ ਬੰਦਾ ਸਿੰਘ ਬਹਾਦਰ ਨੂੰ ਯਾਦ ਕਰੋ; ਜਿਹੜਾ ਇਕ ਗੁਰੂ ਪਰਨ ਲੈ ਕੇ ਨਾਂਦੇੜ ਤੋਂ ਤੁਰਿਆ ਸੀ; ਜਦੋਂ ਚਾਰ ਚੁਫੇਰੇ ਦੁਸ਼ਮਣ ਹੀ ਦੁਸ਼ਮਣ ਹਥਿਆਰਬੰਦ ਸਨ। ਜਿਸ ਦੀ ਭੱਬ ਲਲਕਾਰ ਨੇ ਉੱਤਰੀ ਹਿੰਦੁਸਤਾਨ ਵਿਚੋਂ ਜ਼ਾਲਮ ਰਾਜ ਦੀ ਕਮਰ ਤੋੜ ਕੇ ਰੱਖ ਦਿੱਤੀ ਸੀ ਪਰ ਆਪਣੇ ਘਰ ਵੱਲ ਝਾਤ ਮਾਰੋ; ਅਸੀਂ ਤਾਂ ਆਪਣਿਆਂ ਦੀਆਂ ਗਦਾਰੀਆਂ ਨੇ ਸ਼ਰਮਸਾਰ ਕਰ ਮਾਰੇ ਆਂ।

ਯਾਦ ਰੱਖੋ, ਇਨ੍ਹਾਂ ਥਾਂ ਥਾਂ ਖਿਲਰੇ ਅਕਾਲੀਆਂ ਦਾ ਫਾਹਾ ਵੱਢੇ ਬਿਨਾਂ ਕਿਵੇਂ ਵੀ ਮੁਕਤੀ ਰਾਹ ਸਾਫ ਨਹੀਂ ਹੋਣਾ। ਕੁਰਬਾਨੀਆਂ ਕਰਨ ਵਾਲੇ ਅਕਾਲੀ ਹੋਰ ਸਨ; ਇਹ ਤਾਂ ਉਨ੍ਹਾਂ ਦੀਆਂ ਮਾਰਾਂ ਦੀ ਜੂਠ ਖਾਣੇ ਗਿੱਦੜ ਹਨ। ਹੁਣ ਤਾਂ ਇਹ ਮੁਕਤੀ ਰਾਹ ਦੇ ਅੜਿੱਕੇ-ਰੋੜੇ ਹਨ। ਗੁਰੂ ਸੰਗਤ ਨੂੰ ਤਨੋ-ਮਨੋ ਤੇ ਧਨੋ ਸਮਰਪਤ ਹੋਏ ਬਿਨਾਂ ਤੇ ਦੇਸ ਦੀਆਂ ਸਾਰੀਆਂ ਘੱਟ-ਗਿਣਤੀਆਂ, ਖਾਸ ਕਰਕੇ ਦਲਿਤ ਵਰਗ ਨੂੰ ਬਰਾਬਰ ਲੋਹੇ ਦੀ ਦੀਵਾਰ ਬਣਾਏ ਬਿਨਾਂ, ਹੁਣ ਤਾਂ ਚਾਰਾ ਹੀ ਕੋਈ ਨਹੀਂ ਰਹਿ ਗਿਆ। ਸਾਂਝੀ ਸੋਚ ਤੇ ਸਾਂਝੀ ਜੱਦੋ-ਜਹਿਦ ਬਿਨਾਂ ਰਾਹ ਹੀ ਕੋਈ ਨਹੀਂ। ਜਿਹੜੇ ਆਪ ਸਤਾਰਾਂ ਥਾਈਂ ਜੁੰਡੋ ਜੁੰਡੀ ਹੋਏ ਐ; ਇਨ੍ਹਾਂ ਘੱਟ ਗਿਣਤੀਆਂ ਦਾ ਮਜ਼ਬੂਤ ਏਕਾ ਕਦੋਂ ਕੀਤਾ। ਭੁੱਖੇ ਬ੍ਰਾਹਮਣਵਾਦ ਦਾ ਹੜਬੌਂਗ ਵੱਖ ਵੱਖ ਲੜਦੀਆਂ ਘੱਟ-ਗਿਣਤੀਆਂ ਦੀ ਅਸਲੋਂ ਫੱਟੀ ਪੋਚ ਦੇਵੇਗਾ। ਜਿਸ ਗੁਰੂ ਨੇ ਅੰਤ ਅਖੀਰ ਜ਼ੁਲਮ ਦੇ ਵਿਰੁੱਧ ਹਥਿਆਰ ਸੰਭਾਲੇ ਸੀ; ਉਹੀ ਜੱਦੋ-ਜਹਿਦ ਲੋਕਾਂ ਨੂੰ ਕਾਮਯਾਬੀ ਬਖਸ਼ੇਗੀ। ਬਸ, ਜਾਗਦਿਆਂ ਦੀਆਂ ਕੱਟੀਆਂ, ਸੁੱਤਿਆਂ ਦੇ ਕੱਟੇ।

ਸਾਰੀਆਂ ਘੱਟ-ਗਿਣਤੀਆਂ ਤੇ ਖਾਸ ਤੌਰ 'ਤੇ ਦਲਿਤ ਵਰਗ ਨੂੰ ਗੁਰੂ ਹੋਕਾ ਹੈ : ਮੂੰਹ ਜ਼ੋਰ ਕਿਆਮਤ ਚੜ੍ਹੀ ਆ ਰਹੀ ਐ; ਹਰ ਤਰ੍ਹਾਂ ਦੀਆਂ ਵਿਰੋਧਤਾਈਆਂ ਮਿਟਾ ਕੇ ਲੋਹੇ ਦੀ ਦੀਵਾਰ ਬਣੋਗੇ ਤਾਂ ਬਚ ਜਾਓਗੇ; ਵਰਨਾ ਨਤੀਜੇ ਪਰਲੋ ਵਗਦੇ ਇਤਿਹਾਸ ਵਿਚੋਂ ਵੀ ਸੁੱਕ ਜਾਣਗੇ। ਸਾਰੀਆਂ ਘੱਟ-ਗਿਣਤੀਆਂ ਦੇ ਇਕਜੁੱਟ ਹੋਏ ਬਿਨਾਂ ਕੋਈ ਕਲਿਆਣ ਨਹੀਂ, ਆਜ਼ਾਦੀ ਨਹੀਂ। ਇਹ ਮੇਰਾ ਨਹੀਂ, ਇਤਿਹਾਸ ਦਾ ਅਟੱਲ ਫੈਸਲਾ ਹੈ।

ਸਾਰੀਆਂ ਘੱਟ-ਗਿਣਤੀਆਂ ਨੂੰ ਹੱਥ ਜੋੜ ਤੇ ਸਿਰ ਝੁਕਾ ਕੇ ਗੁਰੂ ਫਤਹਿ!

***

TORONTO PUBLIC LIBRARY



ਰਬ ਅੱਗੇ ਕੀਤੀਆਂ ਬੇਨਤੀਆਂ ਫਜ਼ੂਲ ਹਨ। ਆਪਣੀ ਖਿਲਰੀ ਤਾਕਤ ਨੂੰ ਜੋੜੋ। ਖਿਲਰੀ ਇੱਟ ਇੱਟ ਸ਼ਕਤੀ ਦਾ ਲਾਲ ਕਿਲਾ ਖੜ੍ਹਾ ਕਰੋ। ਆਪਸੀ ਝਗੜਿਆਂ ਝਾਂਜਿਆਂ ਵਿਚ ਰੁੱਝੇ ਹਮੇਸ਼ਾ ਜ਼ਲੀਲ ਹੁੰਦੇ ਰਹੇ ਐ। ਸੋਨੇ ਦਾ ਪੰਜਾਬ ਹੁਣ ਤਾਂ ਪਿੱਤਲ ਦਾ ਵੀ ਨਹੀਂ ਰਿਹਾ। ਤਰਦਾ ਤਰਦਾ ਲਹੂ ਇਸ ਦਾ ਦੁਸ਼ਮਣਾਂ ਪੀ ਲਿਆ ਹੈ; ਖਾਲੀ ਖਲੋਤਾ ਪਿੰਜਰ ਇਸ ਦੇ ਵਾਰਸਾਂ ਨੂੰ ਦੋਹਾਈਆਂ ਦੇ ਰਿਹਾ ਹੈ। ਅਣਖੀਲੇ ਪੰਜਾਬੀਓ! ਗੁਰੂ ਨਾਨਕ ਤੇ ਸੂਰਮੇ ਗੁਰੂ ਗੋਬਿੰਦ ਸਿੰਘ ਦੀਆਂ ਰਖੀਆਂ ਬੁਨਿਆਦਾਂ ਕਾਇਮ ਐ। ਜੁੜੋ ਤੇ ਗਜ ਵਜ ਕੇ ਫਤਹਿ ਦਾ ਡੰਕਾ ਵਜਾਓ ਤੇ ਸਰਬਤ ਦੇ ਸਾਂਝੇ ਭਲੇ ਲਈ ਜਹਾਦ ਛੇੜੋ। ਟੁਟੀਆਂ ਤੇ ਖਿਲਰੀਆਂ ਜਮਾਤਾਂ ਨੂੰ ਸਰਬਤ ਦੇ ਸੁਖਰਾਜ ਦੇ ਝੰਡੇ ਥੱਲੇ ਨਵਾਂ ਜੋੜ, ਨਵੀਂ ਬਲਕਾਰ ਪੈਦਾ ਕਰੋ। ਭਾਰਤ ਦੀ ਜੰਗ ਵਿਚ ਨਿਰਾਸ ਅਰਜਨ ਨੂੰ ਕ੍ਰਿਸ਼ਨ ਭਗਵਾਨ ਬਲਕਾਰਦਾ ਸੀ, "ਬੱਬ ਮਾਰ ਕੇ ਉਠ, ਸ਼ਸਤਰ ਸੰਭਾਲ; ਪਾਪੀਆਂ ਦੇ ਮਾਰਨੇ ਨੂੰ ਤਾਂ ਉਹਨਾਂ ਦਾ ਪਾਪ ਹੀ ਮਹਾਂਬਲੀ ਹੈ। ਤੇਰੇ ਕੋਲੋਂ ਮੁਫਤ ਵਿਚ ਜਿੱਤ ਦਾ ਸਿਹਰਾ ਕਿਉਂ ਨਹੀਂ ਲਿਆ ਜਾਂਦਾ।"

"ਹਿੰਮਤੇ ਮਰਦਾਂ, ਮਦਦੇ ਖੁਦਾ!"

ਸਰਬਤ ਦੀ ਸੁਖਸਾਰ ਲਈ ਲਲਕਾਰ ਦੇਂਦਾ;

-ਜਸਵੰਤ ਸਿੰਘ ਕੰਵਲ

unistarbooks.com
**UNISTAR BOOKS PVT. LTD.**
**INDIA**
**Chandigarh** : 26-27 Top Floor, Sector 34A
Ph.: 0172-5077427, 5077428, 5089761
**Ludhiana** : Punjabi Bhawan • 98154 71219

ISBN 81-7142-609-3
9788171426096
Rs. 60/-

*P7-CPT-278*